ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ
ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਵੀਰਵਾਰ 12 ਜੂਨ 2025 • ਸਾਲ 1 • ਅੰਕ 69 • ਪੰਨੇ 8 • Daily online PANJ AAB Newspaper • Germany & India • www.5aab.media

## ਅਮਨ ਅਰੋੜਾ ਨੇ ਸੁਨੀਲ ਜਾਖੜ ਦੀ ਚੁਣੌਤੀ ਕੀਤੀ ਸਵੀਕਾਰ

# ਸਭ ਤੋਂ ਪਹਿਲਾਂ ਮੈਂ ਕਰਾਵਾਂਗਾ ਡੋਪ ਟੈਸਟ ਅਤੇ ਆਪਣੀਆਂ ਜਾਇਦਾਦਾਂ ਦਾ ਖ਼ੁਲਾਸਾ ਕਰਾਂਗਾ"

### ਕਿਹਾ: "ਦਿਨ, ਤਰੀਕ ਅਤੇ ਜਗਹਾ ਤੈਅ ਕਰੋ, ਮੈਂ ਤਿਆਰ ਹਾਂ



**ਲੁਧਿਆਣਾ** - ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਦੇ ਹਾਲੀਆ ਬਿਆਨ ਦਾ ਖੁੱਲ੍ਹ ਕੇ ਸਵਾਗਤ ਕੀਤਾ ਹੈ ਜਿਸ ਵਿੱਚ ਉਨ੍ਹਾਂ ਨੇ ਰਾਜਨੀਤੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਵਕਾਲਤ ਕੀਤੀ ਹੈ। ਜਾਖੜ ਨੇ ਸੁਝਾਅ ਦਿੱਤਾ ਕਿ ਸਾਰੇ ਰਾਜਨੀਤਿਕ ਆਗੂਆਂ ਨੂੰ ਡਰੱਗ ਟੈਸਟ ਕਰਵਾਉਣੇ ਚਾਹੀਦੇ ਹਨ ਅਤੇ ਆਪਣੀਆਂ ਜਾਇਦਾਦਾਂ ਦਾ ਖ਼ੁਲਾਸਾ ਕਰਨਾ ਚਾਹੀਦਾ ਹੈ, ਜਿਸ ਦੀ ਸ਼ੁਰੂਆਤ ਪਾਰਟੀ ਪ੍ਰਧਾਨਾਂ ਤੋਂ ਹੋਣੀ ਚਾਹੀਦੀ ਹੈ।

ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਬੋਲਦਿਆਂ, ਅਮਨ ਅਰੋੜਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਕਿਹਾ, 'ਆਮ ਆਦਮੀ ਪਾਰਟੀ ਦੀ ਸਥਾਪਨਾ ਅਰਵਿੰਦ ਕੇਜਰੀਵਾਲ ਦੁਆਰਾ ਰਾਜਨੀਤੀ ਵਿੱਚ ਪਾਰਦਰਸ਼ਤਾ, ਇਮਾਨਦਾਰੀ (ਬਾਕੀ 2 ਤੇ)

**ਅਮਨ ਅਰੋੜਾ ਦੀ ਸੁਨੀਲ ਜਾਖੜ ਨੂੰ ਦੋ ਟੁੱਕ**

- ਤੁਹਾਡਾ ਅਕਾਲੀ ਦਲ ਅਤੇ ਕਾਂਗਰਸ ਨਾਲ ਪੁਰਾਣਾ ਰਿਸ਼ਤਾ ਹੈ, ਉਨ੍ਹਾਂ ਨੂੰ ਵੀ ਬੁਲਾਓ - ਮੈਂ ਤਿਆਰ ਹਾਂ!'
- ਜਾਖੜ ਸਾਹਿਬ, ਆਪਣੀਆਂ ਗੱਲਾਂ ਤੋਂ ਪਿੱਛੇ ਨਾ ਹਟਿਓ - ਅਮਨ ਅਰੋੜਾ

# ਕੈਨੇਡਾ ਤੋਂ ਪੰਜਾਬੀਆਂ ਲਈ ਆਈ ਚੰਗੀ ਖ਼ਬਰ, ਹੁਣ ਪਰਮਿਟ ਆਉਣ ਤੋਂ ਪਹਿਲਾਂ ਬਦਲ ਸਕੋਗੇ ਨੌਕਰੀ



**ਕੈਨੇਡਾ** - ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਸਰਕਾਰ ਨੇ ਅੰਤਰਰਾਸ਼ਟਰੀ ਕਾਮਿਆਂ ਲਈ ਵਰਕ ਪਰਮਿਟ ਨਿਯਮਾਂ ਵਿੱਚ ਬਦਲਾਅ ਕੀਤਾ ਹੈ। ਇਸ ਨਾਲ ਸਭ ਤੋਂ ਵੱਧ ਲਾਭ ਪੰਜਾਬੀ ਭਾਈਚਾਰੇ ਦੇ ਨੌਜਵਾਨਾਂ ਨੂੰ ਹੋਵੇਗਾ, ਜੋ ਕੈਨੇਡਾ ਵਿੱਚ ਨੌਕਰੀਆਂ ਅਤੇ ਕੰਮ ਲੱਭਣ ਲਈ ਸੰਘਰਸ਼ ਕਰ ਰਹੇ ਹਨ।

ਕੈਨੇਡਾ ਦੀ ਲਗਭਗ 4 ਕਰੋੜ ਦੀ ਆਬਾਦੀ ਵਿੱਚੋਂ 14 ਲੱਖ ਲੋਕ ਭਾਰਤੀ ਮੂਲ ਦੇ ਹਨ। ਵੱਡੀ ਗਿਣਤੀ ਵਿੱਚ ਭਾਰਤੀ ਪੜ੍ਹਾਈ ਅਤੇ ਕੰਮ ਕਰਨ ਲਈ ਕੈਨੇਡਾ ਜਾਂਦੇ ਹਨ। ਅਜਿਹੀ ਸਥਿਤੀ ਵਿੱਚ, ਵਰਕ ਪਰਮਿਟ ਵਿੱਚ ਢਿੱਲ ਦਾ ਭਾਰਤੀਆਂ ਨੂੰ ਬਹੁਤ ਫਾਇਦਾ ਹੋਵੇਗਾ। ਹਾਲ ਹੀ ਵਿੱਚ, ਵਰਕ ਪਰਮਿਟ ਅਤੇ ਨੌਕਰੀਆਂ ਸੰਬੰਧੀ ਕਈ ਵੀਡੀਓ ਵਾਇਰਲ ਹੋ ਰਹੇ ਸਨ।

**ਵਰਕ ਪਰਮਿਟ ਨਿਯਮਾਂ ਵਿੱਚ ਬਦਲਾਅ**

ਕੈਨੇਡਾ ਵਿੱਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਨੌਜਵਾਨਾਂ ਦਾ ਕਹਿਣਾ ਹੈ ਕਿ ਵਰਕ ਪਰਮਿਟ ਨਿਯਮਾਂ ਵਿੱਚ ਬਦਲਾਅ ਕੈਨੇਡੀਅਨ ਸਰਕਾਰ ਦੀ ਇੱਕ ਅਸਥਾਈ ਜਨਤਕ ਨੀਤੀ ਹੈ, ਜੋ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਵਿੱਚ ਨੌਕਰੀਆਂ ਬਦਲਣ ਵੇਲੇ ਕੁਝ ਜ਼ਰੂਰਤਾਂ ਤੋਂ ਛੋਟ ਦਿੰਦੀ ਹੈ। ਇਸ ਬਦਲਾਅ ਤੋਂ ਬਾਅਦ, ਵਿਦੇਸ਼ੀ ਕਾਮੇ ਨੌਕਰੀਆਂ ਬਦਲਣ ਤੋਂ ਬਾਅਦ ਜਾਂ (ਬਾਕੀ 2 ਤੇ)

# ਬੀਐਸਐਫ ਨੂੰ ਮਿਲੀ ਵੱਡੀ ਸਫ਼ਲਤਾ- ਸਰਹੱਦ 'ਤੇ 1 ਡਰੋਨ ਅਤੇ 2 ਪੈਕਟ ਹੈਰੋਇਨ ਕੀਤਾ ਬਰਾਮਦ



**ਤਰਨਤਾਰਨ।** ਬੀਐਸਐਫ ਇੰਟੈਲੀਜੈਂਸ ਵਿੰਗ ਵੱਲੋਂ ਮਿਲੀ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਬੀਐਸਐਫ ਜਵਾਨਾਂ ਨੇ ਅੱਜ ਪੰਜਾਬ ਸਰਹੱਦ 'ਤੇ 01 ਡਰੋਨ ਅਤੇ 02 ਪੈਕੇਟ ਹੈਰੋਇਨ ਬਰਾਮਦ ਕੀਤੀ। ਸਵੇਰੇ ਤੜਕੇ, ਬੀਐਸਐਫ ਵੱਲੋਂ ਇੱਕ ਸ਼ੱਕੀ ਖੇਤਰ ਵਿੱਚ ਕੀਤੇ ਗਏ ਇੱਕ ਸਰਚ ਆਪ੍ਰੇਸ਼ਨ ਦੇ ਨਤੀਜੇ ਵਜੋਂ ਜ਼ਿਲ੍ਹਾ ਤਰਨਤਾਰਨ ਦੇ ਪਿੰਡ- ਹਵੇਲੀਆਂ ਦੇ ਨਾਲ ਲੱਗਦੇ ਇੱਕ ਖੇਤ ਤੋਂ ਸ਼ੱਕੀ ਹੈਰੋਇਨ (ਕੁੱਲ ਭਾਰ- 529 ਗ੍ਰਾਮ) ਦਾ 01 ਪੈਕੇਟ ਬਰਾਮਦ ਕੀਤਾ ਗਿਆ। ਨਸ਼ੀਲੇ ਪਦਾਰਥਾਂ ਨੂੰ ਪੀਲੇ ਅਤੇ ਲਾਲ ਚਿਪਕਣ ਵਾਲੇ ਟੇਪ ਨਾਲ ਲਪੇਟਿਆ ਗਿਆ ਸੀ ਜਿਸ ਵਿੱਚ 02 ਰੋਸ਼ਨੀ ਵਾਲੀਆਂ ਪੱਟੀਆਂ ਅਤੇ ਪੈਕੇਟ ਨਾਲ ਇੱਕ ਨਾਈਲੋਨ ਲੂਪ ਜੁੜਿਆ ਹੋਇਆ ਸੀ।

ਬਾਅਦ ਵਿੱਚ, ਚੌਕਸ ਬੀਐਸਐਫ ਜਵਾਨਾਂ ਨੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ- ਰੋੜਾਂਵਾਲਾ ਕਲਾਂ ਦੇ ਨਾਲ ਲੱਗਦੇ ਇੱਕ ਖੇਤ ਤੋਂ ਅੰਸ਼ਕ (ਬਾਕੀ 2 ਤੇ)

# ਆਪ ਨੂੰ ਵੱਡਾ ਝਟਕਾ ! ਸਾਬਕਾ ਮਹਿਲਾ ਪ੍ਰਧਾਨ ਪ੍ਰੀਤੀ ਮਲਹੋਤਰਾ ਨੇ ਸ਼ਰੋਮਣੀ ਅਕਾਲੀ ਦਲ 'ਚ ਕੀਤੀ ਸ਼ਮੂਲੀਅਤ



**ਲੁਧਿਆਣਾ।** ਆਮ ਆਦਮੀ ਪਾਰਟੀ ਨੂੰ ਬੁੱਧਵਾਰ ਉਸ ਸਮੇਂ ਵੱਡਾ ਝਟਕਾ ਲੱਗਿਆ, ਜਦੋਂ ਪਾਰਟੀ ਦੀ ਸਾਬਕਾ ਮਹਿਲਾ ਵਿੰਗ ਦੀ ਪ੍ਰਧਾਨ ਪ੍ਰੀਤੀ ਮਲਹੋਤਰਾ ਨੇ ਸ਼?ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕਰ ਲਈ। ਪ੍ਰੀਤੀ ਮਲਹੋਤਰਾ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਿੱਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਵਾਈ ਅਤੇ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦੇਣ ਦਾ ਭਰੋਸਾ ਦਿਵਾਇਆ।

ਦੱਸ ਦਈਏ ਕਿ ਬੀਤੇ ਦਿਨੀ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਮਹਿਲਾ ਵਿੰਗ ਦੀ ਪ੍ਰਧਾਨ ਪ੍ਰੀਤੀ ਮਲਹੋਤਰਾ ਨੂੰ ਪਾਰਟੀ 'ਚ ਕਥਿਤ ਤੌਰ 'ਤੇ ਚਾਪਲੂਸਾਂ ਨੂੰ ਅਹੁਦੇਦਾਰੀਆਂ ਦਾ ਵਿਰੋਧ ਕਰਨ ਅਤੇ ਬਾਗ਼ੀ ਤੇਵਰ ਵਿਖਾਉਣ 'ਤੇ ਅਹੁਦੇ ਤੋਂ ਹਟਾ ਦਿੱਤਾ ਸੀ। ਸੂਬਾ ਪ੍ਰਧਾਨ ਅਮਨ ਅਰੋੜਾ ਨੇ ਉਨ੍ਹਾਂ ਦੀ ਥਾਂ ਅਮਨਦੀਪ ਕੌਰ ਨੂੰ ਪ੍ਰਧਾਨਗੀ ਦਾ ਵਾਧੂ ਕਾਰਜਭਾਰ ਸੌਂਪਿਆ ਗਿਆ ਸੀ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ 'ਤੇ ਤਿੱਖੇ ਨਿਸ਼ਾਨੇ ਲਾਏ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਲਗਾਤਾਰ ਕਰਜ਼ਾ ਚੁੱਕ ਕੇ ਪੰਜਾਬ ਨੂੰ ਕਰਜ਼ਈ ਬਣਾ ਰਹੀ ਹੈ, ਪੰਜਾਬ ਦੇ ਮੁਲਾਜ਼ਮਾਂ ਨੂੰ ਤਨਖਾਹਾਂ (ਬਾਕੀ 2 ਤੇ)

# ਨੂੰਹ 'ਤੇ ਆਟੇ ਵਿੱਚ ਜ਼ਹਿਰ ਮਿਲਾ ਕੇ ਸਹੁਰੇ ਪਰਿਵਾਰ ਨੂੰ ਮਾਰਨ ਦੇ ਲੱਗੇ ਕਥਿਤ ਆਰੋਪ ,5 ਮਹੀਨੇ ਪਹਿਲਾਂ ਹੋਇਆ ਸੀ ਵਿਆਹ

**ਗਿੱਦੜਬਾਹਾ** - ਗਿੱਦੜਬਾਹਾ ਦੇ ਨੇੜਲੇ ਪਿੰਡ ਗੁਰੂਸਰ ਵਿਚ ਇਕ ਹੈਰਾਨ ਕਰ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਪਿੰਡ ਗੁਰੂਸਰ ਦੇ ਸਵਰਾਜ ਸਿੰਘ ਦਾ ਪੰਜ ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਬੀਤੇ ਦਿਨ ਘਰ ਵਿੱਚ ਜਦੋਂ ਨੂੰਹ ਨੇ ਰੋਟੀਆਂ ਬਣਾਈਆਂ ਤਾਂ ਉਸ ਤੋਂ ਬਾਅਦ ਸਵਰਾਜ ਸਿੰਘ, ਉਸ ਦੀ ਮਾਤਾ ਤੇ ਪਿਤਾ ਦੀ ਹਾਲਤ ਵਿਗੜ ਗਈ। ਪਰਿਵਾਰਕ ਮੈਂਬਰਾਂ ਦੇ ਬਿਆਨਾਂ ਅਨੁਸਾਰ ਨੂੰਹ 'ਤੇ ਇਲਜ਼ਾਮ ਲਗਾਇਆ ਗਿਆ ਹੈ ਕਿ ਉਸ ਨੇ ਆਟੇ ਵਿੱਚ ਜਹਿਰੀਲੀ ਚੀਜ਼ ਮਿਲਾ ਦਿੱਤੀ ਅਤੇ ਤੰਦੂਰ 'ਤੇ ਰੋਟੀਆਂ ਬਣਾਕੇ ਪਰਿਵਾਰ ਨੂੰ ਖਵਾ ਦਿੱਤੀਆਂ। ਹਾਲਤ ਗੰਭੀਰ ਹੋਣ ਕਰਕੇ ਪਹਿਲਾਂ ਪਿੰਡ ਦੇ ਇੱਕ ਨਿੱਜੀ ਡਾਕਟਰ ਕੋਲ ਇਲਾਜ ਲਿਆ ਗਿਆ ਪਰ ਬਾਅਦ ਵਿੱਚ ਗਿੱਦੜਬਾਹਾ ਹਸਪਤਾਲ ਦਾਖਲ ਕਰਾਇਆ ਗਿਆ। ਸਵਰਾਜ ਸਿੰਘ ਦੀ ਹਾਲਤ ਵੱਧ ਗੰਭੀਰ ਹੋਣ ਕਾਰਨ ਬਠਿੰਡਾ ਰੈਫਰ ਕੀਤਾ ਗਿਆ ,ਜਿੱਥੇ ਉਸ ਦੀ (ਬਾਕੀ 2 ਤੇ)

## ਪੰਜਾਬ ਵਿੱਚ ਖੇਡ ਸੱਭਿਆਚਾਰ ਸੁਰਜੀਤ ਕਰਨ ਦੀ ਸ਼ੁਰੂਆਤ






# ਅਪਰੇਸ਼ਨ ਬੁਲਡੋਜ਼ਰ ਨੇ ਡਰੱਗ ਨੈੱਟਵਰਕ ਦਾ ਲੱਕ ਤੋੜਿਆ, ਹੁਣ ਖੇਡਾਂ ਭਵਿੱਖ ਦਾ ਨਿਰਮਾਣ ਕਰਨਗੀਆਂ : ਕੇਜਰੀਵਾਲ

## ਅਸੀਂ 2022 ਵਿੱਚ ਸਪੋਰਟਸ ਹੱਬ ਦਾ ਵਾਅਦਾ ਕੀਤਾ ਸੀ ਅਤੇ ਅੱਜ ਅਸੀਂ ਇਸ ਨੂੰ ਪੂਰਾ ਕਰ ਰਹੇ ਹਾਂ: ਭਗਵੰਤ ਮਾਨ



**ਜਲੰਧਰ (ਬਾਠ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੇਡਾਂ ਨੂੰ ਪ੍ਰਮੋਟ ਕਰ ਕੇ ਨਸ਼ਿਆਂ ਵਿਰੁੱਧ ਕਾਰਵਾਈ ਤੇਜ਼ ਕਰਨ ਦਾ ਐਲਾਨ ਕੀਤਾ।

ਬਰਲਟਨ ਪਾਰਕ ਸਪੋਰਟਸ ਹੱਬ, ਜੋ ਕਿ ਲਗਭਗ 78 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਤ ਹੋਣ ਵਾਲਾ ਅਹਿਮ ਪ੍ਰੋਜੈਕਟ ਹੈ, ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਅਰਵਿੰਦ ਕੇਜਰੀਵਾਲ ਨੇ ਇਸ ਨੂੰ ਇਤਿਹਾਸਕ ਦਿਨ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪਹਿਲ ਹਜ਼ਾਰਾਂ ਲੋਕਾਂ ਨੂੰ ਖੇਡਾਂ ਵਿੱਚ ਸ਼ਾਮਲ ਹੋਣ ਅਤੇ ਸਿਹਤਮੰਦ ਜੀਵਨ ਸ਼ੈਲੀ ਬਣਾਈ ਰੱਖਣ ਦੇ ਮੌਕੇ ਮੁਹੱਈਆ ਕਰੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਦੇਸ਼ ਦਾ ਆਪਣੀ ਤਰ੍ਹਾਂ ਦਾ ਪਹਿਲਾ ਖੇਡ ਕੰਪਲੈਕਸ ਹੋਵੇਗਾ ਅਤੇ ਇੱਕ ਸਾਲ ਦੇ ਅੰਦਰ ਪੂਰਾ ਹੋ ਜਾਵੇਗਾ।

ਅਰਵਿੰਦ ਕੇਜਰੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਕਦੇ ਖੇਡਾਂ ਸਮੇਤ ਕਈ ਖੇਤਰਾਂ ਵਿੱਚ ਮੋਹਰੀ ਸੀ ਪਰ ਰਵਾਇਤੀ ਸਿਆਸੀ ਪਾਰਟੀਆਂ ਦੀਆਂ ਪਿਛਾਖੜੀ ਨੀਤੀਆਂ ਇਸ ਦੇ ਪਤਨ ਦਾ ਕਾਰਨ ਬਣੀਆਂ। ਉਨ੍ਹਾਂ ਨੇ ਇਨ੍ਹਾਂ ਪਾਰਟੀਆਂ ਨੂੰ ਨਸ਼ਿਆਂ ਦੇ ਖ਼ਤਰੇ ਨੂੰ ਵਧਾਉਣ ਲਈ ਜ਼ਿੰਮੇਵਾਰ ਠਹਿਰਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਨੇ ਹੁਣ ਨਸ਼ਿਆਂ ਦੇ ਨੈੱਟਵਰਕ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਉਨ੍ਹਾਂ ਨੇ ਸਰਕਾਰ ਦੀਆਂ ਦਲੇਰਾਨਾ ਕਾਰਵਾਈਆਂ, ਜਿਵੇਂ ਕਿ ਅਪਰੇਸ਼ਨ ਬੁਲਡੋਜ਼ਰ ਰਾਹੀਂ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਅਤੇ ਢਾਹੁਣ ਬਾਰੇ ਚਾਨਣਾ ਪਾਇਆ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਬਰਲਟਨ ਪਾਰਕ ਦਾ ਨਵੀਨੀਕਰਨ ਨਸ਼ਾ ਵਿਰੋਧੀ ਮੁਹਿੰਮ ਤਹਿਤ ਇੱਕ ਰਣਨੀਤਕ ਕਦਮ ਹੈ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਜਲਦੀ ਹੀ ਹਰੇਕ ਪਿੰਡ ਵਿੱਚ ਅਤਿ-ਆਧੁਨਿਕ ਸਟੇਡੀਅਮ ਬਣਾਏ ਜਾਣਗੇ। ਉਨ੍ਹਾਂ ਦੁਹਰਾਇਆ ਕਿ ਇਸ ਪਹਿਲਕਦਮੀ ਦਾ ਉਦੇਸ਼ ਪੰਜਾਬ ਨੂੰ ਦੇਸ਼ ਵਿੱਚ ਮੋਹਰੀ ਸੂਬੇ ਵਜੋਂ ਸਥਾਪਿਤ ਕਰਨਾ ਹੈ। ਅਰਵਿੰਦ ਕੇਜਰੀਵਾਲ ਨੇ ਸੂਬੇ ਦੇ ਉਦਯੋਗ-ਅਨੁਕੂਲ ਰੁਖ਼ ਦਾ ਵੀ ਜ਼ਿਕਰ ਕੀਤਾ, ਜਿਸ ਨੇ ਮਹੱਤਵਪੂਰਨ ਨਿਵੇਸ਼ ਨੂੰ ਆਕਰਸ਼ਿਤ ਕੀਤਾ ਹੈ।

ਅਰਵਿੰਦ ਕੇਜਰੀਵਾਲ ਨੇ ਪੰਜਾਬ ਭਰ ਵਿੱਚ ਨਵੇਂ ਫੋਕਲ ਪੁਆਇੰਟਾਂ ਦੀ ਸਥਾਪਨਾ ਅਤੇ ਫਾਸਟਟਰੈਕ ਪੰਜਾਬ ਪੋਰਟਲ ਦੀ ਸ਼ੁਰੂਆਤ ਦਾ ਜ਼ਿਕਰ ਕੀਤਾ ਤਾਂ ਜੋ ਨਿਵੇਸ਼ਕਾਂ ਨੂੰ ਅਰਜ਼ੀ ਦੇਣ ਦੇ 45 ਦਿਨਾਂ ਦੇ ਅੰਦਰ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਮਿਲ ਸਕਣ। ਉਨ੍ਹਾਂ ਕਿਹਾ ਕਿ ਪੰਜਾਬ, ਜੋ ਆਪਣੀ ਹਿੰਮਤ ਅਤੇ ਉੱਦਮੀ ਸੁਭਾਅ ਲਈ ਜਾਣਿਆ ਜਾਂਦਾ ਹੈ, ਹੁਣ ਭਾਰਤ ਦੇ ਉਦਯੋਗਿਕ ਉਭਾਰ ਦੀ ਅਗਵਾਈ ਕਰਨ ਲਈ ਤਿਆਰ ਹੈ। ਉਨ੍ਹਾਂ ਅੱਗੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਸੂਬਾ ਸਰਕਾਰ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਲਾਭ ਪਹੁੰਚਾਉਣ ਵਾਲੀਆਂ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ ਅਤੇ ਇਹ ਗਤੀ ਭਵਿੱਖ ਵਿੱਚ ਵੀ ਜਾਰੀ ਰਹੇਗੀ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਲੰਧਰ ਦੀ ਵਿਰਾਸਤ ਦਾ ਜ਼ਿਕਰ ਕੀਤਾ ਕਿ ਇੱਥੇ ਬੇਮਿਸਾਲ ਖਿਡਾਰੀ ਪੈਦਾ ਹੋਏ ਹਨ, ਜਿਨ੍ਹਾਂ ਨੇ ਦੇਸ਼ ਨੂੰ, ਖ਼ਾਸ ਕਰ ਕੇ ਹਾਕੀ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਦਿਵਾਈ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਕੌਮੀ ਹਾਕੀ ਟੀਮ ਦੇ ਬਹੁਤ ਸਾਰੇ ਖਿਡਾਰੀ ਇਸ ਜ਼ਿਲ੍ਹੇ ਤੋਂ ਹਨ, ਜਿਨ੍ਹਾਂ ਦੀਆਂ ਤਿੰਨ ਪੀੜ੍ਹੀਆਂ ਇਸ ਦੇ ਮੈਦਾਨਾਂ ਤੋਂ ਨਿਕਲੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਾਲਾਂ ਤੋਂ ਸਿਆਸੀ ਕੁਪ੍ਰਬੰਧ ਕਾਰਨ ਪੰਜਾਬ ਖੇਡਾਂ ਵਿੱਚ ਪਛੜ ਗਿਆ।

ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਅਥਲੈਟਿਕਸ ਵਿੱਚ ਸੂਬੇ ਦੀ ਗੁਆਚੀ ਸ਼ਾਨ ਨੂੰ ਰਣਨੀਤਕ ਯਤਨਾਂ ਰਾਹੀਂ ਬਹਾਲ ਕੀਤਾ ਜਾਵੇਗਾ। ਖੇਡਾਂ ਨੂੰ ਸੁਰਜੀਤ ਕਰਨਾ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ (ਬਾਕੀ 2 ਤੇ)

### ਜਲੰਧਰ ਤੋਂ ਲੰਡਨ: ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਆਲਮੀ ਮੈਚਾਂ ਲਈ 25,000 ਰਗਬੀ ਗੇਂਦਾਂ ਦੀ ਖੇਪ ਨੂੰ ਦਿਖਾਈ ਹਰੀ ਝੰਡੀ





**ਜਲੰਧਰ (ਬਾਠ)।** ਪੰਜਾਬ ਲਈ ਇੱਕ ਮਾਣਮੱਤੇ ਅਤੇ ਇਤਿਹਾਸਕ ਪਲ ਦੇ ਗਵਾਹ ਬਣਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 2025 ਦੇ ਵੱਕਾਰੀ ਮਹਿਲਾ ਰਗਬੀ ਵਿਸ਼ਵ ਕੱਪ ਦੇ ਮੈਚਾਂ ਲਈ 25,000 ਰਗਬੀ ਗੇਂਦਾਂ ਦੀ ਖੇਪ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

ਇਸ ਮੌਕੇ ਦੋਵਾਂ ਆਗੂਆਂ ਨੇ ਭਾਰਤ ਦੇ ਖੇਡ ਨਿਰਮਾਣ ਹੱਬ ਜਲੰਧਰ ਵਿੱਚ ਮੌਜੂਦ ਹੋਣ 'ਤੇ ਬਹੁਤ ਮਾਣ ਪ੍ਰਗਟ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪੰਜਾਬ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਜਲੰਧਰ-ਆਧਾਰਤ ਕੰਪਨੀ ਸਾਵੀ ਇੰਟਰਨੈਸ਼ਨਲ ਵੱਲੋਂ ਬਣਾਈਆਂ ਰਗਬੀ ਗੇਂਦਾਂ ਨੂੰ ਇੰਨੇ ਵੱਡੇ ਅੰਤਰਰਾਸ਼ਟਰੀ ਖੇਡ ਸਮਾਗਮ ਵਿੱਚ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਜਲੰਧਰ ਦੀਆਂ ਬਣੀਆਂ ਰਗਬੀ ਗੇਂਦਾਂ ਵਿਸ਼ਵ ਕੱਪ ਵਿੱਚ (ਬਾਕੀ 2 ਤੇ)

# ਲੁਧਿਆਣਾ ਪੱਛਮੀ ਵਿੱਚ ਆਮ ਆਦਮੀ ਪਾਰਟੀ ਹੋਈ ਹੋਰ ਵੀ ਮਜ਼ਬੂਤ, ਰਵਾਇਤੀ ਪਾਰਟੀਆਂ ਨਾਲ ਜੁੜੇ 100 ਤੋਂ ਵੱਧ ਲੋਕ 'ਆਪ' ਵਿੱਚ ਹੋਏ ਸ਼ਾਮਲ



**ਲੁਧਿਆਣਾ/ ਗੁਰਪ੍ਰੀਤ**

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦਾ ਕਾਫ਼ਲਾ ਲਗਾਤਾਰ ਵਧਦਾ ਜਾ ਰਿਹਾ ਹੈ। ਹਰ ਰੋਜ਼ ਸੈਂਕੜੇ ਲੋਕ ਕਾਂਗਰਸ, ਭਾਜਪਾ ਅਤੇ ਅਕਾਲੀ ਛੱਡ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਬੁੱਧਵਾਰ ਨੂੰ ਵੀ ਇਨ੍ਹਾਂ ਰਵਾਇਤੀ ਪਾਰਟੀਆਂ ਨਾਲ ਜੁੜੇ 100 ਤੋਂ ਵੱਧ ਲੋਕ 'ਆਪ' ਵਿੱਚ ਸ਼ਾਮਲ ਹੋਏ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਪਾਰਟੀ ਦੀ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ 'ਆਪ' ਪੰਜਾਬ ਦੇ ਜਨਰਲ ਸਕੱਤਰ ਡਾ. ਸੰਨੀ ਆਹਲੂਵਾਲੀਆ ਦੀ ਮੌਜੂਦਗੀ ਵਿੱਚ ਸਾਰੇ ਲੋਕਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ। ਇਸ ਮੌਕੇ 'ਤੇ 'ਆਪ' ਆਗੂ ਸੁਰਿੰਦਰ ਕਲਿਆਣ, ਸਿੰਮੀ ਚੋਪੜਾ ਅਤੇ ਰਣਜੀਤ ਸਿੰਘ ਬਾਠ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਦੇ ਯਤਨਾਂ ਅਤੇ ਸਖ਼ਤ ਮਿਹਨਤ ਸਦਕਾ ਹੀ ਅੱਜ ਇੰਨੀ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ।

ਕਾਂਗਰਸ ਪਾਰਟੀ ਦੇ ਸਾਬਕਾ ਸਰਕਲ ਪ੍ਰਧਾਨ ਰਮਨਦੀਪ ਸਿੰਘ ਆਪਣੇ ਸਾਥੀ ਪਰਮਵੀਰ ਸਿੰਘ, ਅਵਤਾਰ ਸਿੰਘ, ਅੰਕੁਸ਼ ਬਜਾਜ, ਚੇਤਨ ਮੋਂਗਾ, ਗੁਰਜੀਤ ਸਿੰਘ ਕੁਲਦੀਪ ਗਰੇਵਾਲ, ਬਲਵਿੰਦਰ ਸਿੰਘ ਕੁਲਦੀਪ ਸਿੰਘ ਕਰਮਵੀਰ ਚੌਧਰੀ ਅਤੇ ਅਰਸ਼ਦੀਪ ਸਿੰਘ ਸਮੇਤ ਲਗਭਗ 40 ਹੋਰ ਲੋਕ ਕਾਂਗਰਸ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ।

ਸ਼੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਦੇ ਚੇਅਰਮੈਨ ਤੁਲਸੀ ਰਾਮ, ਕੈਸ਼ੀਅਰ ਅਸ਼ੋਕ ਕੁਮਾਰ, ਵਾਈਸ ਕੈਸ਼ੀਅਰ ਮਹਾਵੀਰ ਫੌਜੀ, ਹੈੱਡ ਸਤੀਸ਼ ਕੁਮਾਰ, ਸੈਕਟਰੀ ਹਰਵੰਸ਼ ਲਾਲ ਗਿਆਨੀ ਅਤੇ ਡਿਪਟੀ ਸੈਕਟਰੀ ਡਾਕਟਰ ਰਣਜੀਤ ਕੁਮਾਰ ਸਮੇਤ 20 ਲੋਕ ਪਾਰਟੀ ਵਿੱਚ ਸ਼ਾਮਲ ਹੋਏ।

ਇਨ੍ਹਾਂ ਤੋਂ ਇਲਾਵਾ, ਲੁਧਿਆਣਾ ਐਂਟੀ ਕਰੱਪਸ਼ਨ ਫਾਊਂਡੇਸ਼ਨ ਦੇ ਕਾਰਜਕਾਰੀ ਮੈਂਬਰ ਰਾਜਨ ਕੁੰਦਰਾ ਵੀ 'ਆਪ' ਵਿੱਚ ਸ਼ਾਮਲ ਹੋਏ। ਜਦੋਂ ਕਿ ਵਾਰਡ ਨੰਬਰ- 65 ਤੋਂ ਭਾਨੂ ਕਿਰਨ, ਰੰਜਨਾ ਭਸੀਨ, ਪ੍ਰਿਆ ਸੋਢੀ ਅਤੇ ਈਸ਼ਾ ਬੱਸੀ ਵੀ ਪਾਰਟੀ ਵਿੱਚ ਸ਼ਾਮਲ ਹੋਏ।

'ਆਪ' ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੋਕਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਕੰਮਾਂ ਅਤੇ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਸੀਂ ਪਾਰਟੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਹੈ। ਪਿਛਲੇ ਤਿੰਨ ਸਾਲਾਂ ਤੋਂ, ਸਾਡੇ ਘਰ ਦੇ ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ, ਜਿਸ ਕਾਰਨ ਸਾਨੂੰ ਬਹੁਤ ਜ਼ਿਆਦਾ ਵਿੱਤੀ ਰਾਹਤ ਮਿਲੀ ਹੈ। ਇਸ ਦੇ ਨਾਲ ਹੀ, ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਹਾਲਤ ਵਿੱਚ ਸੁਧਾਰ ਹੋਣ ਕਾਰਨ, ਸਾਡਾ ਵਿੱਤੀ ਦਬਾਅ ਵੀ ਕਾਫ਼ੀ ਘੱਟ ਗਿਆ ਹੈ।

ਪਾਰਟੀ ਵਿੱਚ ਸਾਰੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਪਿਛਲੇ ਤਿੰਨ ਸਾਲਾਂ ਵਿੱਚ 'ਆਪ' ਸਰਕਾਰ ਦੇ ਕਾਰਜਕਾਲ ਤੋਂ ਪ੍ਰਭਾਵਿਤ ਹੋ ਕੇ ਰੋਜ਼ਾਨਾ ਸੈਂਕੜੇ ਲੋਕ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੇ ਲੋਕਾਂ ਨੇ 'ਆਪ' ਉਮੀਦਵਾਰ ਸੰਜੀਵ ਅਰੋੜਾ ਨੂੰ ਜਿਤਾਉਣ ਦਾ ਫ਼ੈਸਲਾ ਕਰ ਲਿਆ ਹੈ। ਸਾਡੀ ਕੋਸ਼ਿਸ਼ ਜਿੱਤ ਦੇ ਫ਼ਰਕ ਨੂੰ ਵਧਾਉਣ ਦੀ ਹੈ। 'ਆਪ' ਉਮੀਦਵਾਰ ਦੀ ਜਿੱਤ ਬਾਰੇ ਕਿਸੇ ਦੇ ਮਨ ਵਿੱਚ ਕੋਈ ਸ਼ੱਕ ਨਹੀਂ ਹੈ। ਉਨ੍ਹਾਂ ਦਾ ਵੱਡੇ ਫ਼ਰਕ ਨਾਲ ਜਿੱਤਣਾ ਯਕੀਨੀ ਹੈ। ਕਾਂਗਰਸ ਅਤੇ ਭਾਜਪਾ ਦੂਜੇ ਸਥਾਨ ਲਈ ਲੜ ਰਹੇ ਹਨ।

## ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਸਵੀਡਨ ਵਿਖੇ ਅੰਤਰਰਾਸ਼ਟਰੀ ਆਈਡਿਆ ਸਟਾਕਹੋਮ ਕਾਨਫਰੰਸ ਦੌਰਾਨ ਚੋਣ ਪ੍ਰਬੰਧਨ ਸੰਸਥਾਵਾਂ ਦੇ ਮੁਖੀਆਂ ਨਾਲ ਕੀਤੀਆਂ ਦੁਵੱਲੀਆਂ ਮੀਟਿੰਗਾਂ

**ਚੰਡੀਗੜ੍ਹ** - ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਚੋਣ ਪ੍ਰਕਿਰਿਆ ਦੀ ਨਿਰਪੱਖਤਾ 'ਤੇ ਕਰਵਾਈ ਜਾ ਰਹੀ ਅੰਤਰਰਾਸ਼ਟਰੀ ਆਈਡਿਆ ਸਟਾਕਹੋਮ ਕਾਨਫਰੰਸ (10 ਤੋਂ 12 ਜੂਨ, 2025) ਵਿੱਚ ਸ਼ਾਮਲ ਹੋਣ ਲਈ ਆਪਣੀ ਸਵੀਡਨ ਫੇਰੀ ਉੱਤੇ ਹਨ। ਇਸ ਦੌਰਾਨ ਉਨ੍ਹਾਂ ਵੱਲੋਂ ਦੁਨੀਆਂ ਦੀਆਂ ਵੱਖ-ਵੱਖ ਚੋਣ ਪ੍ਰਬੰਧਨ ਸੰਸਥਾਵਾਂ ਦੇ ਮੁੱਖੀਆਂ ਨਾਲ ਕਈ ਦੁਵੱਲੀਆਂ ਮੀਟਿੰਗਾਂ ਕੀਤੀਆਂ ਗਈਆਂ।

ਇਨ੍ਹਾਂ ਮੀਟਿੰਗਾਂ ਦਾ ਉਦੇਸ਼ ਚੋਣ ਪ੍ਰਬੰਧਨ ਅਤੇ ਲੋਕਤੰਤਰਿਕ ਸਹਿਯੋਗ ਵਿੱਚ ਭਾਰਤ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਾ ਹੈ। ਦੁਵੱਲੀਆਂ ਮੀਟਿੰਗਾਂ ਦੌਰਾਨ ਮੁੱਖ ਚੋਣ ਕਮਿਸ਼ਨਰ ਨੇ ਕਈ ਚੋਣ ਪ੍ਰਬੰਧਨ ਸੰਸਥਾਵਾਂ ਦੇ ਮੁੱਖੀਆਂ ਅਤੇ ਸੀਨੀਅਰ ਅਧਿਕਾਰੀਆਂ ਨਾਲ ਅਲੱਗ-ਅਲੱਗ ਮਿਲ ਕੇ ਚਰਚਾ ਕੀਤੀ, ਜਿਸ ਦੌਰਾਨ ਵਿਸ਼ਵ ਭਰ ਦੇ ਚੋਣ ਤਜ਼ਰਬਿਆਂ ਅਤੇ ਨਵੀਨਤਾਵਾਂ ਬਾਰੇ ਵਿਚਾਰ-ਵਟਾਂਦਰਾ ਹੋਇਆ।

ਮੰਗਲਵਾਰ ਸ਼ਾਮ ਨੂੰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਚੋਣ ਪ੍ਰਕਿਰਿਆ ਦੀ ਨਿਰਪੱਖਤਾ 'ਤੇ ਕਰਵਾਈ ਜਾ ਰਹੀ ਅੰਤਰਰਾਸ਼ਟਰੀ ਆਈਡਿਆ ਸਟਾਕਹੋਮ ਕਾਨਫਰੰਸ ਦੇ ਸੰਮੇਲਨ ਵਿੱਚ ਉਦਘਾਟਨੀ ਮੁੱਖ ਭਾਸ਼ਣ ਵੀ ਦਿੱਤਾ।

ਜ਼ਿਕਰਯੋਗ ਹੈ ਕਿ ਮੁੱਖ ਚੋਣ ਕਮਿਸ਼ਨਰ ਵੱਲੋਂ ਮੈਕਸੀਕੋ, ਇੰਡੋਨੇਸ਼ੀਆ, ਮੰਗੋਲੀਆ, ਦੱਖਣੀ ਅਫਰੀਕਾ, ਸਵਿਟਜ਼ਰਲੈਂਡ, ਮੋਲਡੋਵਾ, ਲਿਥੁਆਨੀਆ, ਮਾਰੀਸ਼ਸ, ਯੂਨਾਈਟਿਡ ਕਿੰਗਡਮ, ਜਰਮਨੀ, ਯੂਕ੍ਰੇਨ ਅਤੇ ਕਰੋਏਸ਼ੀਆ ਦੇ ਚੋਣ ਪ੍ਰਬੰਧਨ ਸੰਸਥਾਵਾਂ ਦੇ ਮੁੱਖੀਆਂ ਅਤੇ ਸੀਨੀਅਰ ਅਧਿਕਾਰੀਆਂ ਨਾਲ ਦੁਵੱਲੀ ਮੀਟਿੰਗਾਂ ਕੀਤੀਆਂ ਗਈਆਂ ਹਨ।

# ਭਾਰਤੀ ਫ਼ੌਜ ਵੱਲੋਂ ਆਪ੍ਰੇਸ਼ਨ ਸਿੰਦੂਰ ਦੌਰਾਨ ਮਿਲੇ ਸਹਿਯੋਗ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਸਨਮਾਨ



**ਪਟਿਆਲਾ।** ਭਾਰਤੀ ਫ਼ੌਜ ਵੱਲੋਂ ਆਪ੍ਰੇਸ਼ਨ ਸਿੰਦੂਰ ਦੌਰਾਨ ਪਟਿਆਲਾ ?ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਸਹਿਯੋਗ ਅਤੇ ਆਪ੍ਰੇਸ਼ਨ ਨੂੰ ਸਫਲ ਬਣਾਉਣ ਲਈ ਪਾਏ ਯੋਗਦਾਨ ਲਈ ਜ਼ਿਲ੍ਹੇ ਦੇ ਸਿਵਲ ਪ੍ਰਸ਼ਾਸਨ ਦਾ ਸਨਮਾਨ ਕੀਤਾ ਗਿਆ। ਫ਼ੌਜ ਦੇ ਸੀਨੀਅਰ ਅਧਿਕਾਰੀ ਵੱਲੋਂ ਕਮਿਸ਼ਨਰ ਪਟਿਆਲਾ ਮੰਡਲ ਵਿਨੈ ਬੁਬਲਾਨੀ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨਾਲ ਮੁਲਾਕਾਤ ਕਰਕੇ ਭਾਰਤੀ ਫ਼ੌਜ, ਸਿਵਲ ਪ੍ਰਸ਼ਾਸਨ ਸਮੇਤ ਹੋਰ ਸੁਰੱਖਿਆ ਬਲਾਂ ਵਿਚਕਾਰ ਬਿਹਤਰ ਤਾਲਮੇਲ 'ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਸੁਰੱਖਿਆ ਅਤੇ ਸ਼ਾਂਤੀ ਬਣਾਈ ਰੱਖਣ ਵਿੱਚ ਅਜਿਹੇ ਤਾਲਮੇਲ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਦੇ ਆਮ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਜ਼ਰੂਰੀ ਸੇਵਾਵਾਂ ਅਤੇ ਸੁਰੱਖਿਆ ਸਹਾਇਤਾ ਪ੍ਰਦਾਨ ਕਰਨ ਵਿੱਚ ਸਾਂਝੇ ਯਤਨਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

ਫ਼ੌਜ ਦੇ ਅਧਿਕਾਰੀਆਂ ਨੇ ਕਿਹਾ, "ਸਾਡੇ ਆਪ੍ਰੇਸ਼ਨ ਨੂੰ ਸਫਲ ਬਣਾਉਣ ਵਿੱਚ ਸਿਵਲ ਪ੍ਰਸ਼ਾਸਨ ਦੇ ਮਹੱਤਵਪੂਰਨ ਯੋਗਦਾਨ ਨੇ ਮੁੱਖ ਭੂਮਿਕਾ ਨਿਭਾਈ ਹੈ। ਉਨ੍ਹਾਂ ਦੀ ਤੁਰੰਤ ਪ੍ਰਤੀਕਿਰਿਆ, ਖੇਤਰੀ ਗਿਆਨ, ਅਤੇ ਸਰੋਤਾਂ ਨੂੰ ਜੁਟਾਉਣ ਅਤੇ ਮੌਕ ਡਰਿਲ ਕਰਨ ਦੀ ਯੋਗਤਾ ਨੇ ਫ਼ੌਜ ਨੂੰ ਵੱਖ-ਵੱਖ ਚੁਣੌਤੀਆਂ ਨੂੰ ਦੂਰ ਕਰਨ ਵਿੱਚ ਮਦਦ ਕੀਤੀ ਹੈ।

ਉਨ੍ਹਾਂ ਕਿਹਾ ਕਿ ਅਸੀਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਲੇ ਨਿਰੰਤਰ ਸਹਿਯੋਗ ਲਈ ਤਹਿ ਦਿਲੋਂ ਧੰਨਵਾਦੀ ਹਾਂ। ਇਸ ਮੌਕੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੀ ਫ਼ੌਜ ਨਾਲ ਕੰਮ ਕਰਨ ਦੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਭਵਿੱਖ ਵਿੱਚ ਵੀ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਭਾਰਤੀ ਫ਼ੌਜ ਨੇ ਨਾਗਰਿਕਾਂ ਦੇ ਨਾਲ-ਨਾਲ ਰਾਸ਼ਟਰੀ ਸੇਵਾ ਵਿੱਚ ਸਿਵਲ ਡਿਫੈਂਸ, ਹੋਮ ਗਾਰਡ ਅਤੇ ਪੰਜਾਬ ਪੁਲਿਸ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੱਤੀ। ਇਸ ਮੌਕੇ ਭਾਰਤੀ ਫ਼ੌਜ ਨੇ ਡਵੀਜ਼ਨਲ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਨੂੰ ਦਿੱਤੇ ਸਹਿਯੋਗ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ, ਦੋਵਾਂ ਅਧਿਕਾਰੀਆਂ ਨੇ ਸਮਾਰੋਹ ਦਾ ਹਿੱਸਾ ਬਣਨ 'ਤੇ ਮਾਣ ਪ੍ਰਗਟ ਕੀਤਾ ਅਤੇ ਫ਼ੌਜ ਵੱਲੋਂ ਕੀਤੀ ਗਈ ਸਾਰਥਕ ਪਹਿਲਕਦਮੀ ਦੀ ਸ਼ਲਾਘਾ ਕੀਤੀ।

# ਗਰਮੀ ਬੰਗਾ ਵਾਸੀਆਂ ਦੀ ਬਰਦਾਸ਼ਤ ਤੋਂ ਬਾਹਰ

## ਸੂਰਜ ਦੇਵਤਾ ਦੇ ਦਰਸ਼ਨਾਂ ਦੇ ਨਾਲ ਹੀ ਤਾਪਮਾਨ ਨੇ ਆਪਣੇ ਰੰਗ ਦਿਖਾਏ, ਸ਼ਾਮ ਨੂੰ 44 ਡਿਗਰੀ ਤੱਕ ਪਹੁੰਚ ਗਿਆ

**ਬੰਗਾ -ਜਗਦੀਸ਼ ਲਾਲ ਕਲਸੀ**

ਬੁੱਧਵਾਰ ਨੂੰ ਗਰਮੀ ਨੇ ਲੋਕਾਂ ਨੂੰ ਬਹੁਤ ਸਤਾਇਆ। ਪਿਛਲੇ ਦੋ ਦਿਨਾਂ ਤੋਂ ਗਰਮੀ ਲਗਾਤਾਰ ਵਧ ਰਹੀ ਹੈ। ਦਿਨ ਅਤੇ ਰਾਤ ਬਰਾਬਰ ਹੋ ਗਏ ਹਨ। ਇਸ ਤੋਂ ਇਲਾਵਾ, ਇੱਕ ਜਾਂ ਦੋ ਘੰਟੇ ਦੇ ਬਿਜਲੀ ਕੱਟ ਲੱਗੇ ਹਨ। ਗਰਮੀ ਕਾਰਨ ਸ਼ਹਿਰ ਵਿੱਚ ਦੁਕਾਨਦਾਰ ਵਿਹਲੇ ਬੈਠੇ ਹਨ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਵਧਦੀ ਗਰਮੀ ਕਾਰਨ ਬਾਜ਼ਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ 6 ਘੰਟੇ ਪੂਰੀ ਤਰ੍ਹਾਂ ਖਾਲੀ ਰਹਿੰਦਾ ਹੈ। ਜਲਜੀਰਾ ਅਤੇ ਸ਼ਿਕੰਜੀ ਵੇਚਣ ਵਾਲੇ ਲੋਕਾਂ ਦਾ ਵੀ ਇਹੀ ਹਾਲ ਹੈ। ਗਰਮੀਆਂ ਵਿੱਚ ਸਬਜ਼ੀਆਂ ਦੀ ਵਿਕਰੀ ਨਾ ਹੋਣ ਕਾਰਨ ਸਬਜ਼ੀ ਵੇਚਣ ਵਾਲੇ ਵੀ ਪਰੇਸ਼ਾਨ ਹਨ। ਜੇਕਰ ਉਹ ਸਬਜ਼ੀਆਂ ਨਹੀਂ ਵੇਚ ਸਕਦੇ ਤਾਂ ਉਹ ਖਰਾਬ ਹੋ ਜਾਂਦੀਆਂ ਹਨ। ਸੜਕਾਂ ਸੁੰਨਸਾਨ ਰਹਿੰਦੀਆਂ ਹਨ। ਜੇਕਰ ਇੱਕ ਜਾਂ ਦੋ ਲੋਕ ਆਪਣੇ ਸਕੂਟਰ ਜਾਂ ਮੋਟਰਸਾਈਕਲ 'ਤੇ ਬਾਹਰ ਜਾਂਦੇ ਹਨ, ਤਾਂ ਉਹ ਗਰਮੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਆਪਣੇ ਸਿਰ ਅਤੇ ਚਿਹਰੇ ਨੂੰ ਕੱਪੜੇ ਨਾਲ ਢੱਕ ਲੈਂਦੇ ਹਨ।

ਬੁੱਧਵਾਰ ਨੂੰ ਬੰਗਾ ਵਿੱਚ ਦਿਨ ਦਾ ਤਾਪਮਾਨ ਅਜਿਹਾ ਸੀ ਕਿ ਇਸ ਨੇ ਆਮ ਲੋਕਾਂ ਨੂੰ ਪ੍ਰੇਸ਼ਾਨੀ ਵਿੱਚ ਪਾ ਦਿੱਤਾ। ਜਦੋਂ ਸੂਰਜ ਦੇਵਤਾ ਸਵੇਰੇ 5:30 ਵਜੇ ਪ੍ਰਗਟ ਹੋਏ ਤਾਂ ਤਾਪਮਾਨ 31 ਡਿਗਰੀ ਸੀ। 6 ਵਜੇ 32 ਡਿਗਰੀ, 7 ਵਜੇ 33 ਡਿਗਰੀ, 8 ਵਜੇ 36 ਡਿਗਰੀ, 9 ਵਜੇ 37 ਡਿਗਰੀ, 10 ਵਜੇ 39 ਡਿਗਰੀ, 1 ਵਜੇ 42 ਡਿਗਰੀ ਜੋ 3 ਵਜੇ ਤੱਕ ਰਿਹਾ, 4 ਵਜੇ 44 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਸ਼ਾਮ 5 ਵਜੇ ਵੀ ਮੌਸਮ ਗਰਮ ਰਿਹਾ। 6 ਵਜੇ ਤੋਂ ਬਾਅਦ ਤਾਪਮਾਨ ਘਟਣਾ ਸ਼ੁਰੂ ਹੋ ਗਿਆ, ਜੋ ਕਿ 7 ਵਜੇ 39 ਡਿਗਰੀ, 8 ਵਜੇ 37 ਡਿਗਰੀ, 9 ਵਜੇ 36 ਡਿਗਰੀ, 10 ਵਜੇ 34 ਡਿਗਰੀ ਸੀ। ਦੂਜੇ ਪਾਸੇ, ਪਾਵਰਕਾਮ ਬੰਗਾ ਸਿਟੀ ਦੇ ਐਸਡੀਓ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਕੱਟ ਲਗਨ ਦਾ ਮਾਮਲਾ ਉਨ੍ਹਾਂ ਦੇ ਹੱਥ ਵਿੱਚ ਨਹੀਂ ਹੈ। ਹੁਣ ਸਿਰਫ਼ ਪਾਵਰਕਾਮ ਪਟਿਆਲਾ ਦਫ਼ਤਰ ਹੀ ਇਹ ਕੰਮ ਕਰਦਾ ਹੈ। ਬੰਗਾ ਵਿੱਚ ਬਿਜਲੀ ਦੀ ਮੰਗ ਵਧ ਗਈ ਹੈ। ਉਨ੍ਹਾਂ ਨੂੰ ਘਰਾਂ ਵਿੱਚ ਏਸੀ/ਪੰਖਾ ਚਲਾਉਣ ਦਾ ਸਮਾਂ ਤੈਅ ਕਰਨਾ ਚਾਹੀਦਾ ਹੈ, ਜਿਸ ਨਾਲ ਬਿਜਲੀ ਦੀ ਖਪਤ ਘੱਟ ਜਾਵੇਗੀ। ਨਹੀਂ ਤਾਂ, ਬਿਜਲੀ ਦੀ ਸਪਲਾਈ ਜਾਰੀ ਹੈ।



### ਬੰਗਾ ਵਿੱਚ ਹੱਥ ਵਾਲੇ ਪੱਖੇ ਉਪਲਬਧ ਨਹੀਂ ਹਨ

ਜ਼ਮਾਨਾ ਭਾਵੇਂ ਕਿੰਨਾ ਵੀ ਆਧੁਨਿਕ ਕਿਉਂ ਨਾ ਹੋ ਜਾਵੇ, ਸਾਨੂੰ ਆਪਣੇ ਦਾਦਾ-ਦਾਦੀ ਦੇ ਯੁੱਗ ਦੀਆਂ ਗੱਲਾਂ ਯਾਦ ਰਹਿੰਦੀਆਂ ਹਨ। ਕੰਕਰੀਟ ਦੇ ਘਰਾਂ ਦੇ ਨਿਰਮਾਣ ਤੋਂ ਬਾਅਦ, ਏ.ਸੀ., ਕੂਲਰ ਅਤੇ ਫਰੰਟ ਪੱਖੇ ਜ਼ਰੂਰ ਆਪਣੀ ਜਗ?ਹਾ ਬਣਾ ਚੁੱਕੇ ਹਨ। ਪਰ ਜਦੋਂ ਵੀ ਬਿਜਲੀ ਬੰਦ ਹੁੰਦੀ ਹੈ, ਲੋਕਾਂ ਨੂੰ ਹੱਥ ਵਾਲੇ ਪੱਖੇ ਯਾਦ ਆਉਂਦੇ ਹਨ। ਪਿਛਲੇ ਸਾਲ ਤੱਕ ਬੰਗਾਲ ਦੇ ਬਾਜ਼ਾਰ ਵਿੱਚ ਆਮ ਤੌਰ 'ਤੇ ਵਿਕਣ ਵਾਲੇ ਹੱਥ ਵਾਲੇ ਪੱਖੇ ਇਸ ਵਾਰ ਬਾਜ਼ਾਰ ਵਿੱਚੋਂ ਗਾਇਬ ਹਨ। ਦੁਕਾਨਦਾਰਾਂ ਬੌਬੀ ਅਰੋੜਾ, ਬਿੱਟੂ, ਪ੍ਰਦੀਪ, ਰਾਣਾ ਨੇ ਕਿਹਾ ਕਿ ਹੁਣ ਹੱਥ ਵਾਲੇ ਪੱਖੇ ਉਪਲਬਧ ਨਹੀਂ ਹਨ। ਪਿਛਲੇ ਸਾਲ ਪਲਾਸਟਿਕ ਦੀਆਂ ਸੋਟੀਆਂ ਮਿਲਦੀਆਂ ਸਨ ਪਰ ਇਸ ਵਾਰ ਨਹੀਂ।

# ਪੇਜ਼ ਇੱਕ ਦਾ ਬਾਕੀ

ਅਪਰੇਸ਼ਨ ...

ਕੇਂਦਰੀ ਥੰਮ?ਹ ਹੈ, ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਰਾਹਾਂ ਵੱਲ ਲੈ ਜਾਣਾ ਹੈ। ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਇਤਿਹਾਸਕ ਬਰਲਟਨ ਪਾਰਕ ਦਾ ਨਾਮ ਇੱਕ ਮਹਾਨ ਪੰਜਾਬੀ ਅਥਲੀਟ ਦੇ ਨਾਮ 'ਤੇ ਰੱਖਿਆ ਜਾਵੇਗਾ ਤਾਂ ਕਿ ਬਸਤੀਵਾਦੀ ਵਿਰਾਸਤ ਤੋਂ ਨਿਜ਼ਾਤ ਮਿਲੇ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਮੁੱਲਾਂਪੁਰ ਤੋਂ ਬਾਅਦ ਜਲਦੀ ਹੀ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਵਿਕਸਤ ਕੀਤੇ ਜਾਣਗੇ। ਭਗਵੰਤ ਸਿੰਘ ਮਾਨ ਨੇ ਮਾਣ ਨਾਲ ਕਿਹਾ ਕਿ ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਕ੍ਰਿਕਟ ਟੀਮਾਂ ਦੇ ਕਪਤਾਨਾਂ ਦੇ ਨਾਲ-ਨਾਲ ਫੁੱਟਬਾਲ ਟੀਮ ਦੇ ਕਪਤਾਨ ਵੀ ਪੰਜਾਬ ਤੋਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਜਲਦੀ ਹੀ ਖੇਡਾਂ ਵਿੱਚ ਨੰਬਰ ਇੱਕ ਸੂਬਾ ਬਣ ਜਾਵੇਗਾ ਅਤੇ ਸਰਕਾਰ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਅਤੇ ਖਿਡਾਰੀਆਂ ਨੂੰ ਅਥਲੈਟਿਕ ਵਿੱਚ ਮੱਲਾਂ ਮਾਰਨ ਦੇ ਯੋਗ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਮੁੱਖ ਮੰਤਰੀ ਨੇ ਅਖ਼ੀਰ ਵਿੱਚ ਪੰਜਾਬ ਅਤੇ ਇਸ ਦੇ ਲੋਕਾਂ ਦੇ ਸਰਵਪੱਖੀ ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਈ। ਉਨ੍ਹਾਂ ਕਿਹਾ ਕਿ ਸੂਬੇ ਦੀ ਪੁਰਾਤਨ ਸ਼ਾਨ ਨੂੰ ਹਰ ਹਾਲ ਵਿੱਚ ਬਹਾਲ ਕੀਤਾ ਜਾਵੇਗਾ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰੇਗਾ।

ਜਲੰਧਰ ਤੋਂ ...

ਵਰਤੀਆਂ ਜਾਣਗੀਆਂ।

ਦੋਵਾਂ ਆਗੂਆਂ ਨੇ ਅੱਗੇ ਕਿਹਾ ਕਿ ਖੇਡ ਉਦਯੋਗ ਹਜ਼ਾਰਾਂ ਨੌਕਰੀਆਂ ਪੈਦਾ ਕਰਨ ਅਤੇ ਪੰਜਾਬ ਨੂੰ ਵਿਸ਼ਵ-ਵਿਆਪੀ ਨਿਰਮਾਣ ਪਾਵਰਹਾਊਸ ਵਜੋਂ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਜਲੰਧਰ ਦੇ ਖੇਡ ਉਦਯੋਗ ਦੀ ਵਿਸ਼ਵ-ਵਿਆਪੀ ਸਾਖ ਨੂੰ ਉਜਾਗਰ ਕਰਦੇ ਹੋਏ ਆਗੂਆਂ ਨੇ ਮਿਹਨਤੀ ਅਤੇ ਦੂਰਦਰਸ਼ੀ ਨਿਰਮਾਤਾਵਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਲਗਾਤਾਰ ਵਿਸ਼ਵ ਪੱਧਰੀ ਉਤਪਾਦ ਬਣਾਏ ਹਨ। ਉਨ੍ਹਾਂ ਨੇ ਇਸ ਵਧਦੇ ਹੋਏ ਖੇਤਰ ਨੂੰ ਮਜ਼ਬੂਤ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਦੋਵਾਂ ਆਗੂਆਂ ਨੇ ਕਿਹਾ ਕਿ ਪੰਜਾਬ ਹਮੇਸ਼ਾ ਹਿੰਮਤੀਆਂ ਤੇ ਉੱਦਮੀਆਂ ਦੀ ਧਰਤੀ ਰਹੀ ਹੈ ਅਤੇ ਅੱਜ ਇਹ ਉਸੇ ਭਾਵਨਾ ਨਾਲ ਭਾਰਤ ਦੇ ਉਦਯੋਗਿਕ ਪੁਨਰ ਉਥਾਨ ਦੀ ਅਗਵਾਈ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਦੀਆਂ ਉਦਯੋਗਿਕ ਨੀਤੀਆਂ ਵਿਸ਼ੇਸ਼ ਤੌਰ 'ਤੇ ਉਦਯੋਗਪਤੀਆਂ ਨਾਲ ਸਲਾਹ-ਮਸ਼ਵਰਾ ਕਰ ਕੇ ਤਿਆਰ ਕੀਤੀਆਂ ਗਈਆਂ ਹਨ, ਜੋ ਸੱਚਮੁੱਚ ਸੁਵਿਧਾਜਨਕ ਅਤੇ ਕਾਰੋਬਾਰ-ਅਨੁਕੂਲ ਵਾਤਾਵਰਣ ਯਕੀਨੀ ਬਣਾਉਂਦੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਨੇ ਉਦਯੋਗ ਦੀਆਂ ਸਾਰੀਆਂ ਪ੍ਰਮੁੱਖ ਮੰਗਾਂ ਨੂੰ ਕੁਸ਼ਲਤਾ ਨਾਲ ਪੂਰਾ ਕੀਤਾ ਹੈ।

ਦੋਵਾਂ ਆਗੂਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਇਸ ਵੇਲੇ ਦੇਸ਼ ਵਿੱਚ ਸਭ ਤੋਂ ਵਧੀਆ ਕਾਨੂੰਨ ਵਿਵਸਥਾ ਦੀ ਸਥਿਤੀ ਉਤੇ ਮਾਣ ਕਰਦਾ ਹੈ, ਜੋ ਉਦਯੋਗਿਕ ਨਿਵੇਸ਼ ਨੂੰ ਹੋਰ ਵੀ ਆਕਰਸ਼ਿਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਨੇ ਪਹਿਲਾਂ ਹੀ 1.05 ਲੱਖ ਕਰੋੜ ਤੋਂ ਵੱਧ ਦੇ ਨਿਵੇਸ਼ ਪ੍ਰਾਪਤ ਕਰ ਲਏ ਹਨ, ਜਿਸ ਵਿੱਚ ਲਗਭਗ ਪੰਜ ਲੱਖ ਨੌਜਵਾਨਾਂ ਲਈ ਰੋਜ਼ਗਾਰ ਪੈਦਾ ਕਰਨ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਟਾਟਾ ਸਟੀਲ ਅਤੇ ਸਨਾਤਨ ਟੈਕਸਟਾਈਲ ਵਰਗੀਆਂ ਪ੍ਰਮੁੱਖ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰਨ ਲਈ ਅੱਗੇ ਵੱਧ ਰਹੀਆਂ ਹਨ, ਸੂਬੇ ਦੇ ਕਾਰੋਬਾਰ ਪੱਖੀ ਮਾਹੌਲ, ਮਜ਼ਬੂਤ ??ਬੁਨਿਆਦੀ ਢਾਂਚੇ, ਭਰੋਸੇਯੋਗ ਬਿਜਲੀ ਸਪਲਾਈ, ਹੁਨਰਮੰਦ ਮਨੁੱਖੀ ਸ਼ਕਤੀ ਅਤੇ ਮਜ਼ਬੂਤ ??ਉਦਯੋਗਿਕ ਕਾਰਜ ਨੈਤਿਕਤਾ ਦਾ ਪੂਰਾ ਫਾਇਦਾ ਉਠਾ ਰਹੀਆਂ ਹਨ।

ਸਾਵੀ ਇੰਟਰਨੈਸ਼ਨਲ ਦੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਕੰਪਨੀ ਇਸ ਗੱਲ ਦੀ ਮਿਸਾਲ ਦਿੰਦੀ ਹੈ ਕਿ ਕਿਵੇਂ ਪੰਜਾਬੀ ਆਪਣੀ ਮਿਹਨਤ, ਵਚਨਬੱਧਤਾ ਅਤੇ ਦ੍ਰਿਸ਼ਟੀ ਨਾਲ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾਉਂਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸੱਚਮੁੱਚ ਆਲਮੀ ਨਾਗਰਿਕ ਹਨ, ਜੋ ਆਪਣੀ ਲਚਕੀਲੇਪਣ ਅਤੇ ਉੱਦਮ ਦੀ ਭਾਵਨਾ ਲਈ ਮਸ਼ਹੂਰ ਹਨ। ਇਸ ਸ਼ਾਨਦਾਰ ਪ੍ਰਾਪਤੀ ਲਈ ਉਦਯੋਗਪਤੀਆਂ ਨੂੰ ਦਿਲੋਂ ਵਧਾਈ ਦਿੰਦੇ ਹੋਏ ਕੇਜਰੀਵਾਲ ਅਤੇ ਮਾਨ ਦੋਵਾਂ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਉਦਯੋਗ ਦੇ ਮਿਆਰ ਨੂੰ ਉੱਚਾ ਚੁੱਕਣਾ ਜਾਰੀ ਰੱਖਣਗੇ। ਉਨ੍ਹਾਂ ਨੇ ਖੇਡ ਨਿਰਮਾਣ ਖੇਤਰ ਨੂੰ ਹੋਰ ਵੀ ਉੱਚਾਈਆਂ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਸੂਬਾ ਸਰਕਾਰ ਵੱਲੋਂ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

ਸਭ ਤੋਂ ਪਹਿਲਾਂ ...

ਅਤੇ ਜਵਾਬਦੇਹੀ ਲਿਆਉਣ ਦੇ ਦ੍ਰਿਸ਼ਟੀਕੋਣ ਨਾਲ ਕੀਤੀ ਗਈ ਸੀ। ਮੈਂ ਧੰਨਵਾਦੀ ਹਾਂ ਕਿ ਹੋਰ ਪਾਰਟੀਆਂ ਹੁਣ ਇਸ ਦ੍ਰਿਸ਼ਟੀਕੋਣ ਨੂੰ ਅਪਣਾ ਰਹੀਆਂ ਹਨ।' ਅਮਨ ਅਰੋੜਾ ਦੇ ਨਾਲ ਮੰਤਰੀ ਲਾਲਚੰਦ ਕਟਾਰੂਚੱਕ ਅਤੇ 'ਆਪ' ਦੇ ਸੀਨੀਅਰ ਬੁਲਾਰੇ ਨੀਲ ਗਰਗ ਵੀ ਸਨ।

ਅਰੋੜਾ ਨੇ ਜਾਖੜ ਦੀ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਕਿਹਾ, ÷ਇੱਕ ਸੱਤਾਧਾਰੀ ਪਾਰਟੀ ਦੇ ਸੂਬਾ ਪ੍ਰਧਾਨ ਹੋਣ ਦੇ ਨਾਤੇ, ਇਹ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਉਦਾਹਰਨ ਦੇ ਕੇ ਅਗਵਾਈ ਕਰਾਂ। ਮੈਂ ਇਸ ਪਹਿਲਕਦਮੀ ਦਾ ਸਵਾਗਤ ਕਰਦਾ ਹਾਂ ਅਤੇ ਆਪਣੀ ਜਾਇਦਾਦ ਦੇ ਵੇਰਵੇ, ਜੋ ਪਹਿਲਾਂ ਹੀ ਉਪਲਬਧ ਹਨ, ਦਾ ਖ਼ੁਲਾਸਾ ਕਰਨ ਅਤੇ ਜਾਖੜ ਦੁਆਰਾ ਨਿਰਧਾਰਿਤ ਸਮੇਂ ਅਤੇ ਸਥਾਨ 'ਤੇ ਡਰੱਗ ਟੈਸਟ ਕਰਵਾਉਣ ਲਈ ਤਿਆਰ ਹਾਂ। ਆਓ ਮੀਡੀਆ ਅਤੇ ਡਾਕਟਰੀ ਪੇਸ਼ੇਵਰਾਂ ਦੀ ਮੌਜੂਦਗੀ ਵਿੱਚ ਇਸ ਟੈਸਟ ਨੂੰ ਪਾਰਦਰਸ਼ੀ ਢੰਗ ਨਾਲ ਕਰੀਏ।÷

ਜਾਖੜ ਨੂੰ ਇਸ ਪਹਿਲਕਦਮੀ ਦੇ ਦਾਇਰੇ ਨੂੰ ਵਧਾਉਣ ਦੀ ਅਪੀਲ ਕਰਦੇ ਹੋਏ ਅਰੋੜਾ ਨੇ ਕਿਹਾ, ÷ਇਸ ਨੂੰ ਪੰਜਾਬ ਤੱਕ ਹੀ ਸੀਮਤ ਕਿਉਂ ਰੱਖਿਆ ਜਾਵੇ? ਇਮਾਨਦਾਰ ਲੀਡਰਸ਼ਿਪ ਦੀ ਦੇਸ਼ ਭਰ ਵਿੱਚ ਲੋੜ ਹੈ। ਮੈਂ ਸੁਨੀਲ ਜਾਖੜ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਨਾਲ ਚਰਚਾ ਕਰਨ। ਮੈਂ ਇਸੇ ਤਰ੍ਹਾਂ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਵੀ ਸਲਾਹ-ਮਸ਼ਵਰਾ ਕਰਾਂਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਪਾਰਦਰਸ਼ਤਾ ਦੇਸ਼ ਭਰ ਵਿੱਚ ਫੈਲ ਜਾਵੇ।÷

ਅਰੋੜਾ ਨੇ ਜਵਾਬਦੇਹੀ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਅਤੇ ਜਾਖੜ ਨੂੰ ਹੁਣ ਆਪਣੇ ਗੱਲ ਤੋਂ ਪਿੱਛੇ ਨਾ ਹਟਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ÷ਤੁਸੀਂ ਕੁਝ ਚੰਗਾ ਸ਼ੁਰੂ ਕੀਤਾ ਹੈ, ਅਤੇ ਮੈਂ ਇਸ ਵਿੱਚ ਤੁਹਾਡੀ ਅਗਵਾਈ ਦੀ ਸ਼ਲਾਘਾ ਕਰਦਾ ਹਾਂ। ਆਓ ਇਸ ਨੂੰ ਦੇਸ਼ ਭਰ ਦੀਆਂ ਸਾਰੀਆਂ ਪਾਰਟੀਆਂ ਲਈ ਇੱਕ ਮਿਸਾਲ ਬਣਾਈਏ। ਦੇਸ਼ ਇਮਾਨਦਾਰ ਨੇਤਾਵਾਂ ਦੀ ਉਡੀਕ ਕਰ ਰਿਹਾ ਹੈ।

ਕੈਨੇਡਾ ਤੋਂ ...

ਵਰਕ ਪਰਮਿਟ ਦੀ ਅਰਜ਼ੀ ਲੰਬਿਤ ਹੋਣ 'ਤੇ ਵੀ ਕੰਮ ਕਰਨਾ ਜਾਰੀ ਰੱਖ ਸਕਦੇ ਹਨ। ਕੈਨੇਡਾ ਵਿੱਚ ਵਰਕ ਪਰਮਿਟ ਲਈ ਅਰਜ਼ੀ ਦੇਣ ਤੋਂ ਬਾਅਦ ਵੀ, ਪਰਮਿਟ ਲੰਬੇ ਸਮੇਂ ਤੱਕ ਨਹੀਂ ਆਇਆ।

ਕੈਨੇਡਾ ਦੇ ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਨਵੇਂ ਵਰਕ ਪਰਮਿਟ ਨਿਯਮਾਂ ਦੇ ਤਹਿਤ, ਵੈਧ ਵਰਕ ਪਰਮਿਟ ਵਾਲੇ ਵਿਦੇਸ਼ੀ ਕਾਮਿਆਂ ਨੂੰ ਨਵੀਂ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਨਵਾਂ ਵਰਕ ਪਰਮਿਟ ਪ੍ਰਾਪਤ ਕਰਨਾ ਜ਼ਰੂਰੀ ਹੈ, ਉਹ ਆਪਣੀ ਵਰਕ ਪਰਮਿਟ ਅਰਜ਼ੀ ਲੰਬਿਤ ਹੋਣ 'ਤੇ ਨਵੀਂ ਨੌਕਰੀ ਸ਼ੁਰੂ ਕਰ ਸਕਦੇ ਹਨ। ਹੁਣ ਤੱਕ, ਵਿਦੇਸ਼ੀ ਜੋ ਆਪਣੀ ਵਰਕ ਪਰਮਿਟ ਅਰਜ਼ੀ ਲੰਬਿਤ ਹੋਣ 'ਤੇ ਬਣਾਈ ਰੱਖੀ ਸਥਿਤੀ 'ਤੇ ਰਹਿ ਰਹੇ ਸਨ ਅਤੇ ਕੰਮ ਕਰਨ ਲਈ ਅਧਿਕਾਰਤ ਸਨ ਪਰ ਵਰਕ ਪਰਮਿਟ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਕਿਸੇ ਨਵੇਂ ਕਾਰੋਬਾਰ ਜਾਂ ਮਾਲਕ ਕੋਲ ਨਹੀਂ ਜਾ ਸਕਦੇ ਸਨ। ਅਜਿਹੇ ਲੋਕਾਂ ਨੂੰ ਇਸ ਨਵੇਂ ਨਿਯਮ ਦਾ ਲਾਭ ਹੋਵੇਗਾ।

ਜਾਣੋ ਕੀ ਹਨ ਕੈਨੇਡਾ ਸਰਕਾਰ ਦੇ ਨਵੇਂ ਨਿਯਮ

ਨਵੀਂ ਨੀਤੀ ਦੇ ਤਹਿਤ, ਬੰਦ ਵਰਕ ਪਰਮਿਟ 'ਤੇ ਕੰਮ ਕਰਨ ਵਾਲਾ ਕਰਮਚਾਰੀ ਨਵਾਂ ਵਰਕ ਪਰਮਿਟ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਕਿਸੇ ਨਵੀਂ ਕੰਪਨੀ ਜਾਂ ਨਵੇਂ ਅਹੁਦੇ 'ਤੇ ਕੰਮ ਕਰਨਾ ਸ਼ੁਰੂ ਕਰ ਸਕਦਾ ਹੈ। ਇਸ ਲਈ ਉਨ੍ਹਾਂ ਨੂੰ ਸਿਰਫ਼ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ ਤੋਂ ਇਜਾਜ਼ਤ ਲੈਣੀ ਪਵੇਗੀ। ਨਵੀਂ ਨੀਤੀ ਲਾਗੂ ਕਰ ਦਿੱਤੀ ਗਈ ਹੈ ਅਤੇ ਇਸ ਨੇ ਪੁਰਾਣੀ ਨੀਤੀ ਦੀ ਥਾਂ ਲੈ ਲਈ ਹੈ। ਇਸ ਨੀਤੀ ਵਿੱਚ ਇੱਕ ਵੱਡਾ ਬਦਲਾਅ ਇਹ ਹੈ ਕਿ ਹੁਣ ਨਵੇਂ ਵਰਕ ਪਰਮਿਟ ਦੀ ਅਰਜ਼ੀ ਦੌਰਾਨ ਬਾਇਓਮੈਟ੍ਰਿਕਸ ਦੇਣ ਦੀ ਕੋਈ ਲੋੜ ਨਹੀਂ ਹੋਵੇਗੀ।

ਬੀਐਸਐਫ ...

ਤੌਰ 'ਤੇ ਨੁਕਸਾਨੀ ਗਈ ਹਾਲਤ ਵਿੱਚ 01 ਡੀਜੇਆਈ ਮੈਵਿਕ 3 ਕਲਾਸਿਕ ਡਰੋਨ ਬਰਾਮਦ ਕੀਤਾ।

ਇੱਕ ਹੋਰ ਘਟਨਾ ਵਿੱਚ, ਪੰਜਾਬ ਪੁਲਿਸ ਦੇ ਸਹਿਯੋਗ ਨਾਲ ਬੀਐਸਐਫ ਦੇ ਜਵਾਨਾਂ ਦੁਆਰਾ ਕੀਤੀ ਗਈ ਇੱਕ ਵਿਸਤ੍ਰਿਤ ਤਲਾਸ਼ੀ ਦੌਰਾਨ ਜ਼ਿਲ੍ਹਾ ਤਰਨਤਾਰਨ ਦੇ ਪਿੰਡ-ਵਾਨ ਦੇ ਨਾਲ ਲੱਗਦੇ ਖੇਤਰ ਤੋਂ ਸ਼ੱਕੀ ਹੈਰੋਇਨ (ਕੁੱਲ ਭਾਰ- 560 ਗ੍ਰਾਮ) ਦਾ 01 ਪੈਕੇਟ ਬਰਾਮਦ ਕੀਤਾ ਗਿਆ। ਸਰਹੱਦ 'ਤੇ ਤਾਇਨਾਤ ਮਜ਼ਬੂਤ ਤਕਨੀਕੀ ਜਵਾਬੀ ਉਪਾਵਾਂ ਅਤੇ ਬੀਐਸਐਫ ਜਵਾਨਾਂ ਦੀਆਂ ਤੇਜ਼ ਕਾਰਵਾਈਆਂ ਨਾਲ ਭਰੋਸੇਯੋਗ ਜਾਣਕਾਰੀ ਨੇ ਇੱਕ ਵਾਰ ਫਿਰ ਸਰਹੱਦ ਪਾਰ ਤੋਂ ਗੈਰ-ਕਾਨੂੰਨੀ ਡਰੋਨਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੇ ਪਾਕਿਸਤਾਨੀ ਤਸਕਰਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ।

ਆਪ ਨੂੰ ...

ਨਹੀਂ ਮਿਲ ਰਹੀਆਂ ਅਤੇ ਬਾਹਰਲੇ ਵਿਅਕਤੀਆਂ ਨੂੰ ਪੰਜਾਬ ਵਿੱਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਪੰਜਾਬ ਨੂੰ ਬਚਾਉਣ ਲਈ 2027 ਵਿੱਚ ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਲੋਕਾਂ ਨੂੰ ਇਕਜੁਟ ਹੋਣ ਦੀ ਅਪੀਲ ਕੀਤੀ।

ਪ੍ਰੀਤੀ ਨੇ 'ਆਪ' 'ਚ ਰਹਿੰਦੇ ਕਿਉਂ ਚੁੱਕੇ ਸਨ ਪਾਰਟੀ 'ਤੇ ਸਵਾਲ ?

ਪ੍ਰੀਤੀ ਮਲਹੋਤਰਾ ਵੱਲੋਂ ਇਸ ਸਬੰਧ ਵਿੱਚ ਪਾਰਟੀ ਖਿਲਾਫ ਆਪਣੇ ਸ਼ੋਸ਼ਲ ਮੀਡੀਆ ਅਕਾਊਂਟ ਰਾਹੀਂ ਪੋਸਟਾਂ ਵੀ ਪਾਈਆਂ ਗਈਆਂ ਅਤੇ ਆਪਣੀ ਹੀ ਪਾਰਟੀ ਅਤੇ ਸਰਕਾਰ 'ਤੇ ਸਵਾਲ ਵੀ ਚੁੱਕੇ ਗਏ ਸਨ। ਪ੍ਰੀਤੀ ਮਲਹੋਤਰਾ ਦਾ ਕਹਿਣਾ ਸੀ ਕਿ ਸਰਕਾਰ ਆਪਣੀ ਪਾਰਟੀ ਦੇ ਵਰਕਰਾਂ ਨੂੰ ਛੱਡ ਕੇ ਦੂਜੀਆਂ ਪਾਰਟੀਆਂ ਵਿਚੋਂ ਆਏ ਲੋਕਾਂ ਨੂੰ ਅਹੁਦੇਦਾਰੀਆਂ ਵੰਡ ਰਹੀ ਹੈ। ਉਸ ਨੇ ਇਹ ਵੀ ਖਦਸ਼ਾ ਜਤਾਇਆ ਸੀ ਕਿ ਉਸ ਵੀ ਹੁਣ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।

ਪ੍ਰੀਤੀ ਮਲਹੋਤਰਾ ਨੇ ਅੱਜ ਇਸ ਸਬੰਧ ਵਿੱਚ ਆਪਣੀ ਪਾਰਟੀ ਅਤੇ ਸਰਕਾਰ ਦੇ ਖਿਲਾਫ ਪਟਿਆਲਾ ਦੇ ਦੁੱਖ ਨਿਵਾਰਨ ਦੇ ਬਾਹਰ ਧਰਨਾ ਵੀ ਲਾਇਆ। ਇਸ ਦੌਰਾਨ ਉਸ ਦੇ ਸਮਰਥਨ ਵਿੱਚ ਧਰਨੇ ਵਿੱਚ ਆਮ ਆਦਮੀ ਪਾਰਟੀ ਦੇ ਕਈ ਅਹੁਦੇਦਾਰ ਆਪਣੀ ਪਾਰਟੀ ਦੇ ਖਿਲਾਫ ਬੈਠੇ ਨਜ਼ਰ ਆ ਰਹੇ ਸਨ

ਇਸ ਦੌਰਾਨ ਪ੍ਰੀਤੀ ਮਲਹੋਤਰਾ ਨੇ ਕਿਹਾ ਕਿ ਸਰਕਾਰ ਦੇ ਅਹੁਦਿਆਂ ਵਿੱਚ ਦੂਜੀ ਪਾਰਟੀਆਂ ਦੇ ਆਏ ਹੋਏ ਲੋਕਾਂ ਨੂੰ ਮਾਣ ਸਨਮਾਨ ਦਿੱਤਾ ਜਾ ਰਿਹਾ ਹੈ, ਜਦਕਿ ਪਾਰਟੀ ਦੇ ਮਿਹਨਤੀ ਵਰਕਰਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਉਸ ਨੇ ਖਦਸ਼ਾ ਜਤਾਇਆ ਸੀ ਕਿ ਹੁਣ ਜਾਂ ਤਾਂ ਉਸ ਨੂੰ ਅਹੁਦੇ ਤੋਂ ਲਾ ਦੇਣਗੇ ਜਾਂ ਝੂਠੇ ਪਰਚੇ ਕਰਵਾ ਦਿੱਤੇ ਜਾਣਗੇ।

ਨੂੰਹ ਨੇ ...

ਮੌਤ ਹੋ ਗਈ। ਕੁਝ ਸਮੇਂ ਬਾਅਦ ਉਸ ਦੀ ਮਾਤਾ ਦੀ ਵੀ ਮੌਤ ਹੋ ਗਈ। ਸਵਰਾਜ ਸਿੰਘ ਦੇ ਪਿਤਾ ਹਾਲੇ ਵੀ ਹਸਪਤਾਲ ਵਿੱਚ ਦਾਖਲ ਹਨ, ਜਦਕਿ ਨੂੰਹ ਨੂੰ ਵੀ ਜ਼ਹਿਰੀਲਾ ਪਦਾਰਥ ਖਾਣ ਕਾਰਨ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਨੂੰਹ 'ਤੇ ਇਲਜ਼ਾਮ ਲਗਾਇਆ ਹੈ ਕਿ ਇਹ ਪੂਰਾ ਕਾਂਡ ਪੂਰੇ ਇਰਾਦੇ ਨਾਲ ਕੀਤਾ ਗਿਆ। ਡੀਐਸਪੀ ਅਵਤਾਰ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਨੂੰਹ ਦੇ ਠੀਕ ਹੋਣ 'ਤੇ ਉਸ ਤੋਂ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਨੇ ਪਰਿਵਾਰਕ ਬਿਆਨਾਂ ਦੇ ਆਧਾਰ 'ਤੇ ਨੂੰਹ 'ਤੇ ਅਤੇ ਹੋਰਾਂ 'ਤੇ ਪਰਚਾ ਦਰਜ ਕਰ ਲਿਆ ਹੈ ਅਤੇ ਜਾਂਚ ਚੱਲ ਰਹੀ ਹੈ। ਸਵਰਾਜ ਸਿੰਘ ਦੇ ਪਿਤਾ ਹਾਲੇ ਵੀ ਹਸਪਤਾਲ ਵਿੱਚ ਦਾਖਲ ਹਨ, ਜਦਕਿ ਨੂੰਹ ਨੂੰ ਵੀ ਜਹਿਰੀਲਾ ਪਦਾਰਥ ਖਾਣ ਕਾਰਨ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਨੂੰਹ 'ਤੇ ਇਲਜ਼ਾਮ ਲਗਾਇਆ ਹੈ ਕਿ ਇਹ ਪੂਰਾ ਕਾਂਡ ਪੂਰੇ ਇਰਾਦੇ ਨਾਲ ਕੀਤਾ ਗਿਆ।

## ਪਰਿਵਾਰ ਦਾ ਥੰਮਹ ਤੇ ਰੀੜ੍ਹ ਦੀ ਹੱਡੀ ਹੁੰਦੀ ਹੈ ਪਿਤਾ : ਸਮਾਜ ਸੇਵਕ ਮੱਟੂ

ਕਈ ਕੌਮੀ, ਰਾਜ ਅਤੇ ਜ਼ਿਲ੍ਹਾ ਪੱਧਰ ਦੇ ਸਨਮਾਨ ਪ੍ਰਾਪਤ ਕਰਨ ਵਾਲੀ ਗੁਰੂ ਨਗਰੀ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਮਾਣ ਧੀਆਂ ’ਤੇ ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਪ੍ਰਸਿੱਧ ਸਮਾਜ ਅਤੇ ਇੰਡੀਆ ਬੁੱਕ ਰਿਕਾਰਡ ਹੋਲਡਰ) ਨੇ ਪਿਤਾ ਦਿਵਸ ਮੌਕੇ ਜਾਣਕਾਰੀ ਦਿੰਦਿਆਂ ਕਿਹਾ ਦੁਨੀਆਂ ’ਚ ਜਨਮ ਲੈਣ ਤੋ ਬਾਅਦ ਜੇ ਬੱਚਾ ਆਪਣੀਆਂ ਅੱਖਾਂ ਮਾਂ ਦੀ ਗੋਦ ’ਚ ਖੋਲਦਾ ਹੈ ਤਾਂ ਆਪਣੇ ਪੈਰਾਂ ਦਾ ਪਹਿਲਾ ਕਦਮ ਪਿਤਾ ਦੀਆਂ ਉਗਲਾਂ ਨੂੰ ਫੜ ਕੇ ਸਿੱਖਦਾ ਹੈ। ਜ਼ਿਆਦਾਤਰ ਬੱਚਿਆਂ ਦੇ ਬਚਪਨ ’ਚ ਉਨਾਂ ਦੇ ਮਾਤਾ ਪਿਤਾ ਹੀ ਆਦਰਸ਼ ਹੁੰਦੇ ਹਨ। ਮਾਤਾ ਜੇ ਬੱਚਿਆਂ ਨੂੰ ਸੰਸਕਾਰਾਂ ਦਾ ਪਾਠ ਪੜਾਉਦੀ ਹੈ ਤਾਂ ਪਿਤਾ ਬੱਚਿਆਂ ਨੂੰ ਆਤਮ ਨਿਰਭਰ ਅਤੇ ਕਾਮਯਾਬੀ ਦੇ ਰਸਤੇ ਦਿਖਾਉਂਦਾ ਹੈ। ਕਈ ਵਾਰ ਪਿਤਾ ਦਾ ਵਰਤਾਅ ਬਹੁਤ ਸਖਤ ਹੁੰਦਾ ਹੈ। ਪਿਤਾ ਸ਼ਬਦ ਜਿਸ ਨੂੰ ਸੁਣਦੇ ਹੀ ਸਰੀਰ ਵਿਚ ਇਕ ਊਰਜਾ ਭਰ ਜਾਂਦੀ ਹੈ,ਮਨ ਵਿਚ ਖੁਸ਼ੀ ਦੀਆਂ ਤਰੰਗਾਂ ਦੌੜ ਜਾਂਦੀਆਂ ਹਨ । ਪਿਤਾ ਇਕ ਸੁਰੱਖਿਆ ਤੇ ਆਤਮ ਵਿਸ਼ਵਾਸ ਦਾ ਅਹਿਸਾਸ ਹੁੰਦਾ ਹੈ । ਪਰਿਵਾਰ ਦਾ ਥੰਮ?ਹ ਤੇ ਇਕ ਪਰਿਵਾਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ । ਭਾਵੇਂ ਪਿਤਾ ਮਾਂ ਵਾਂਗ ਬੱਚਿਆਂ ਦੇ ਉਹ ਸਾਰੇ ਕੰਮ ਨਹੀਂ ਕਰ ਸਕਦੇ , ਜੋ ਮਾਂ ਕਰਦੀ ਹੈ , ਪਰ ਫਿਰ ਵੀ ਪਿਤਾ ਨਾਲ ਔਲਾਦ ਦੀ ਇਕ ਵੱਖਰੀ ਹੀ ਸਾਂਝ ਹੁੰਦੀ ਹੈ, ਸਮਾਜ ਸੇਵਕ ਗੁਰਿੰਦਰ ਸਿੰਘ ਮੱਟੂ ਨੇ ਕਿ ਅੱਜ ਮੈ ਜੋ ਵੀ ਕੌਮੀ ਤੇ ਰਾਜ ਪੱਧਰ ਤੇ ਪਹਿਚਾਣ ਬਣਾਈ ਹੈ ਉਹ ਆਪਣੇ ਪਿਤਾ ਦੀ ਪ੍ਰੇਰਣਾ ਸਦਕਾ ਅਤੇ ਆਪਣੀ ਮਾਂ ਦੀ ਯੋਗ ਅਗਵਾਈ ਹੇਠ ਬਣਾਈ ਹੈ। ਉਨ੍ਹਾਂ ਆਪਣੇ ਪ੍ਰੀਵਾਰ ਸਮੇਤ ਪਿਤਾ ਸ: ਦਰਸਨ ਸਿੰਘ ਮੱਟੂ ਨਾਲ ਖੁਸੀ ਦੇ ਪਲ ਬਤੀਤ ਕਰਦਿਆਂ ਕਿਹਾ ਕਿ ਅੱਜ ਪਿਤਾ ਪ੍ਰਤੀ ਆਦਰ ਦਿਖਾਉਣ ਲਈ ਦੁਨੀਆਂ ਭਰ ’ਚ ਫਾਦਰ ਡੇ ਮਨਾਇਆ ਜਾ ਰਿਹਾ ਹੈ 9 ਪਿਤਾ ਦਿਵਸ ਅਮਰੀਕਾ ਵਿਚ 1910 ਵਿਚ ਮਨਾਉਣਾ ਸ਼ੁਰੂ ਹੋਇਆ ਅਤੇ ਭਾਰਤ ’ਚ ਇਹ ਦਿਨ ਅਮਰੀਕਾ ਵਾਂਗ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਦਾ ਹੈ 9 ਅੱਗੇ ਸਮਾਜ ਸੇਵਕ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਕਿ ਇਹ ਪਿਰਤ ਚਾਹੇ ਸਾਡੇ ਲਈ ਨਵੀ ਹੈ ਪਰ ਸਾਡੇ ਭਾਰਤ ਦੇਸ਼ ਵਿੱਚ ਹਮੇਸ਼ਾ ਤੋ ਹੀ ਆਪਣੇ ਪੂਰਵਜਾ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਮਾਪਿਆਂ ਨੂੰ ਰੱਬ ਦਾ ਦਰਜਾ ਦਿੱਤਾ ਜਾਦਾ ਹੈ ਮਾਂ ਦੀ ਕੁਰਬਾਨੀ ਦੇ ਸੋਹਲੇ ਤਾਂ ਸਾਰੇ ਹੀ ਗਾਂਉਦੇ ਹਨ ਪਰ ਪਿਤਾ ਦੇ ਯੋਗਦਾਨ ਨੂੰ ਅਕਸਰ ਅਵਗੋਲਿਆਂ ਕੀਤਾ ਜਾਦਾ ਹੈ ਇਨਾਂ ਦਿਵਸਾਂ ਦਾ ਮਹੱਤਵ ਹੀ ਇਹ ਹੈ ਕਿ ਆਪਣੇ ਮਾਪਿਆਂ ਵੱਲੋ ਮੂੰਹ ਫੇਰੀ ਬੈਠੀ ਔਲਾਦ ਨੂੰ ਉਸਦੇ ਕਰਤੱਵਾਂ ਦਾ ਗਿਆਨ ਕਰਾਇਆ ਜਾਵੇ ਤਾਂ ਜੋ ਆਪਣੇ ਪਿਤਾ-ਮਾਤਾ ਦਾ ਸਤਿਕਾਰ ਕੀਤਾ ਜਾ ਸਕੇ, ਇਸ ਦਿਨ ਨੂੰ ਮਨਾਉਣ ਦਾ ਮਕਸਦ ਸਮਾਜ ਨੂੰ ਪਿਤਾ ਦੇ ਦਰਜੇ ਤੋਂ ਜਾਣੂ ਕਰਵਾਉਣਾ ਅਤੇ ਪਿਤਾ ਸਮਾਜ ਅਤੇ ਪਰਿਵਾਰ ਵਿਚ ਜੋ ਰੋਲ ਅਦਾ ਕਰਦਾ ਹੈ , ਉਸ ਦਾ ਸਨਮਾਨ ਕਰਨਾ ਸੀ । ਇਕ ਬਹੁਤ ਵੱਡਾ ਸੱਚ ਹੈ ਕਿ ਆਦਮੀ ਦੀ ਜ਼ਿੰਦਗੀ ਅਤੇ ਉਸ ਦੀ ਸੋਚ ਵਿਚ ਅਹਿਮ ਬਦਲਾਅ ਉਸ ਦਿਨ ਆਉਂਦਾ ਹੈ , ਜਿਸ ਦਿਨ ਉਹ ਖੁਦ ਪਿਤਾ ਬਣਦਾ ਹੈ ।ਇਕ ਮਾਂ ਦਾ ਦਿਲ ਬਚਪਨ ਤੋਂ ਕਈ ਵਾਰ ਔਲਾਦ ਵੱਲੋਂ ਕੀਤੀਆਂ ਗ਼ਲਤੀਆਂ ਨੂੰ ਲੈ ਕੇ ਪਿਘਲ ਜਾਂਦਾ ਹੈ , ਕਈ ਵਾਰ ਬੇਟੇ ਦੀ ਗ਼ਲਤੀ ਪਿਤਾ ਤੋਂ ਛੁਪਾਈ ਜਾਂਦੀ ਹੈ ਪਰ ਪਿਤਾ ਹਮੇਸ਼ਾ ਬੱਚੇ ਨੂੰ ਅਨੁਸ਼ਾਸਨ ਵਿਚ ਰੱਖਣ ਦੀ ਕੋਸ਼ਿਸ਼ ਕਰਦੇ ਹਨ । ਅਸੀਂ ਸਾਰੇ ਇਹ ਹਮੇਸ਼ਾ ਯਾਦ ਰੱਖੀਏ ਕਿ ਮਾਤਾ-ਪਿਤਾ ਦਾ ਕਰਜ਼ਾ ਕਦੇ ਵੀ ਉਤਾਰਿਆ ਨਹੀਂ ਜਾ ਸਕਦਾ । ਮਾਂ ਵਾਂਗ , ਪਿਤਾ ਵੀ ਸਾਡੀ ਜ਼ਿੰਦਗੀ ਦਾ ਅਹਿਮ ਤੇ ਬੇਹੱਦ ਜ਼ਰੂਰੀ ਹਿੱਸਾ ਹਨ , ਤੇ ਉਨ੍ਹਾਂ ਨੇ ਹਮੇਸ਼ਾ ਹੀ ਸਾਡੇ ਲਈ ਬਹੁਤ ਹੀ ਕੁਰਬਾਨੀਆਂ ਕੀਤੀਆਂ ਹਨ , ਜਿਨ੍ਹਾਂ ਬਾਰੇ ਸਾਨੂੰ ਗਿਆਨ ਵੀ ਨਹੀਂ ਹੁੰਦਾ । ਸੋ ਅੱਜ ਲੋੜ ਹੈ ਕਿ ਅਸੀਂ ਸਾਰੇ ਆਗਿਆਕਾਰ ਔਲਾਦ ਬਣੀਏ ਤੇ ਬਿਰਧ ਆਸ਼ਰਮਾਂ ਦਾ ਰਸਤਾ ਕਦੇ ਵੀ ਨਾ ਫੜੀਏ ਤੇ ਉਸ ਪਿਤਾ ਦੀ ਜ਼ਿੰਦਗੀ ਭਰ ਦੀ ਕਮਾਈ ’ਤੇ ਉਸ ਦੇ ਔਲਾਦ ਦੇ ਮੋਹ ਨੂੰ ਵਿਅਰਥ ਨਾ ਜਾਣ ਦੇਈਏ । ਆਪਣੀ ਜ਼ਿੰਦਗੀ ਦੇ ਇਸ ਅਨਮੋਲ ਹੀਰੇ ਨੂੰ ਪਿਆਰ ਕਰੀਏ , ਉਸ ਦੀ ਕਦਰ ਕਰੀਏ ਤੇ ਉਸ ਨਾਲ ਬਚਪਨ ਦੇ ਬਿਤਾਏ ਪਲ ਤੇ ਆਉਣ ਵਾਲੀ ਜ਼ਿੰਦਗੀ ਦੇ ਪਲਾਂ ਨੂੰ ਇਕ ਜਸ਼ਨ ਵਾਂਗ ਮਨਾਈਏ।

**ਗੁਰਿੰਦਰ ਸਿੰਘ ਮੱਟੂ**

# ਬੱਚੇ ਹਰ ਦੇਸ਼ ਦੇ ਸੁਨਹਿਰੀ ਭਵਿੱਖ ਦੀ ਨੀਂਹ ਹਨ, ਆਓ ਉਨ੍ਹਾਂ ਨੂੰ ਸਿੱਖਿਅਤ ਬਣਾਈਏ, ਮਜ਼ਦੂਰ ਨਹੀਂ।




ਵਿਸ਼ਵ ਪੱਧਰ ’ਤੇ ਦੇਖਿਆ ਗਿਆ ਹੈ ਕਿ ਛੋਟੇ ਬੱਚਿਆਂ ਤੋਂ ਬਹੁਤ ਸਾਰੇ ਵਪਾਰਕ ਅਦਾਰਿਆਂ, ਉਦਯੋਗਿਕ ਸੰਸਥਾਵਾਂ, ਫਾਰਮਾਸਿਊਟੀਕਲ ਉਦਯੋਗ, ਖੇਤਾਂ, ਘਰੇਲੂ ਉਦਯੋਗਾਂ ਆਦਿ ਵਿੱਚ ਕੰਮ ਕਰਵਾਇਆ ਜਾਂਦਾ ਹੈ, ਕਿਉਂਕਿ ਉਨ੍ਹਾਂ ਖੇਤਰਾਂ ਵਿੱਚ ਇਹ ਛੋਟੇ ਬੱਚੇ ਕੰਮ ਲਈ ਆਸਾਨੀ ਨਾਲ ਉਪਲਬਧ ਹੁੰਦੇ ਹਨ ਅਤੇ ਉਨ੍ਹਾਂ ਦੀ ਮਜ਼ਦੂਰੀ ਵੀ ਮੁਕਾਬਲਤਨ ਘੱਟ ਹੁੰਦੀ ਹੈ, ਅਤੇ ਉਨ੍ਹਾਂ ਨੂੰ ਰੋਜ਼ਾਨਾ ਮਜ਼ਦੂਰੀ ’ਤੇ ਰੱਖ ਕੇ, ਉਹ ਆਸਾਨੀ ਨਾਲ ਆਪਣਾ ਕੰਮ ਕਰਵਾ ਲੈਂਦੇ ਹਨ। ਦੂਜੇ ਪਾਸੇ, ਅਸੀਂ ਛੋਟੇ ਬੱਚਿਆਂ ਨੂੰ ਕਈ ਚੌਰਾਹਿਆਂ, ਬਾਜ਼ਾਰਾਂ, ਹਾਟ ਬਾਜ਼ਾਰਾਂ ਵਿੱਚ ਇਕੱਲੇ ਜਾਂ ਆਪਣੇ ਮਾਪਿਆਂ ਨਾਲ ਖਿਡੌਣੇ, ਖਾਣ-ਪੀਣ ਦੀਆਂ ਚੀਜ਼ਾਂ ਆਦਿ ਵੇਚਦੇ ਦੇਖਦੇ ਹਾਂ। ਕਈ ਵੱਡੇ ਅਤੇ ਛੋਟੇ ਸ਼ਹਿਰਾਂ ਵਿੱਚ, ਅਸੀਂ ਅਕਸਰ ਇਹਨਾਂ ਛੋਟੇ ਬੱਚਿਆਂ ਨੂੰ ਟ?ਰੈਫਿਕ ਸਿਗਨਲਾਂ, ਚੌਰਾਹਿਆਂ, ਸਟੇਸ਼ਨਾਂ, ਬੂਥਾਂ ’ਤੇ ਭੀਖ ਮੰਗਦੇ ਅਤੇ ਸਮਾਨ ਵੇਚਦੇ ਦੇਖਦੇ ਹਾਂ। ਇਹ ਦ੍ਰਿਸ਼ ਹਰ ਛੋਟੇ ਅਤੇ ਵੱਡੇ ਸ਼ਹਿਰ ਦੇ ਚੌਰਾਹਿਆਂ ’ਤੇ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਜਦੋਂ ਕਿ ਸੰਯੁਕਤ ਰਾਸ਼ਟਰ ਨੇ ਬਾਲ ਮਜ਼ਦੂਰੀ ਦੇ ਖਾਤਮੇ ਲਈ ਅੰਤਰਰਾਸ਼ਟਰੀ ਸਾਲ ਦਾ ਐਲਾਨ ਕੀਤਾ ਹੈ ਅਤੇ ਕਿਹਾ ਹੈ ਕਿ 2025 ਤੱਕ ਇਸ ਪ੍ਰਥਾ ਨੂੰ ਖਤਮ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਤੁਰੰਤ ਕਾਰਵਾਈ ਦੀ ਲੋੜ ਹੈ। ਅੱਜ ਅਸੀਂ ਇਸ ਵਿਸ਼ੇ ’ਤੇ ਚਰਚਾ ਕਰ ਰਹੇ ਹਾਂ ਕਿਉਂਕਿ ਬਾਲ ਮਜ਼ਦੂਰੀ ਮਨਾਹੀ ਦਿਵਸ 12 ਜੂਨ 2025 ਨੂੰ ਮਨਾਇਆ ਜਾ ਰਿਹਾ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਵਿਸ਼ਵ ਬਾਲ ਮਜ਼ਦੂਰੀ ਮਨਾਹੀ ਦਿਵਸ 12 ਜੂਨ 2025- ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰੋ, ਮਜ਼ਦੂਰੀ ਨਹੀਂ, ਜੋ ਕਿ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਿਦਿਅਕ ਖੇਤਰਾਂ ਦਾ ਇੱਕ ਸ਼ਕਤੀਸ਼ਾਲੀ ਸਾਧਨ ਹੈ ਅਤੇ ਰੁਜ਼ਗਾਰ ਦਾ ਇੱਕ ਹਥਿਆਰ ਹੈ।



ਦੋਸਤੋ, ਜੇਕਰ ਅਸੀਂ 2025 ਤੱਕ ਬਾਲ ਮਜ਼ਦੂਰੀ ਦੇ ਸਾਰੇ ਰੂਪਾਂ ਨੂੰ ਖਤਮ ਕਰਨ ਦੇ ਟੀਚੇ ਬਾਰੇ ਗੱਲ ਕਰੀਏ, ਤਾਂ ਹਰ ਸਾਲ 12 ਜੂਨ ਨੂੰ ਮਨਾਇਆ ਜਾਣ ਵਾਲਾ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ, ਅੰਤਰਰਾਸ਼ਟਰੀ ਕਿਰਤ ਸੰਗਠਨ (9*®) ਦੁਆਰਾ ਬਾਲ ਸ਼ੋਸ਼ਣ ਦੇ ਗੰਭੀਰ ਮੁੱਦੇ ਨੂੰ ਉਜਾਗਰ ਕਰਨ ਅਤੇ ਇਸ ਨੂੰ ਖਤਮ ਕਰਨ ਲਈ ਯਤਨਾਂ ਨੂੰ ਸੰਗਠਿਤ ਕਰਨ ਲਈ ਸ਼ੁਰੂ ਕੀਤੀ ਗਈ ਇੱਕ ਵਿਸ਼ਵਵਿਆਪੀ ਪਹਿਲ ਹੈ। ਬਾਲ ਮਜ਼ਦੂਰੀ ਵਿਰੁੱਧ ਵਿਸ਼ਵ ਦਿਵਸ 2025 ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਇਹ 9*® ਅਤੇ ”©9356 ਦੁਆਰਾ ਸਾਂਝੇ ਤੌਰ ’ਤੇ ਤਿਆਰ ਕੀਤੇ ਗਏ ਬਾਲ ਮਜ਼ਦੂਰੀ ’ਤੇ ਨਵੇਂ ਗਲੋਬਲ ਅਨੁਮਾਨਾਂ ਅਤੇ ਰੁਝਾਨਾਂ ਦੇ ਜਾਰੀ ਹੋਣ ਦੇ ਨਾਲ ਮੇਲ ਖਾਂਦਾ ਹੈ। ਇਹ ਮਹੱਤਵਪੂਰਨ ਡੇਟਾ ਵਿਸ਼ਵ ਨੀਤੀ ਬਹਿਸਾਂ ਨੂੰ ਸੇਧ ਦੇਵੇਗਾ ਅਤੇ ਟਿਕਾਊ ਵਿਕਾਸ ਟੀਚਾ ਟੀਚਾ 8.7 ਪ੍ਰਾਪਤ ਕਰਨ ਵੱਲ ਯਤਨਾਂ ਨੂੰ ਮੁੜ ਸੁਰਜੀਤ ਕਰੇਗਾ। 2025 ਤੱਕ ਸਾਰੇ ਰੂਪਾਂ ਵਿੱਚ ਬਾਲ ਮਜ਼ਦੂਰੀ ਨੂੰ ਖਤਮ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਦੁਆਰਾ ਨਿਰਧਾਰਤ ਟੀਚੇ ਦੇ ਅਨੁਸਾਰ, ਸਾਰੇ ਦੇਸ਼ਾਂ ਨੂੰ 2025 ਤੱਕ ਬਾਲ ਮਜ਼ਦੂਰੀ ਨੂੰ ਖਤਮ ਕਰਨ ਦਾ ਟੀਚਾ ਦਿੱਤਾ ਗਿਆ ਹੈ। ਇਹ ਟੀਚਾ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਾ 8.7 ਵਿੱਚ ਸ਼ਾਮਲ ਹੈ, ਜੋ ਕਿ ਸਾਰੇ ਰੂਪਾਂ ਵਿੱਚ ਬਾਲ ਮਜ਼ਦੂਰੀ ਨੂੰ ਖਤਮ ਕਰਨ ਲਈ ਤੁਰੰਤ ਅਤੇ ਪ੍ਰਭਾਵਸ਼ਾਲੀ ਉਪਾਅ ਕਰਨ ਦੀ ਮੰਗ ਕਰਦਾ ਹੈ। ਕੈਲਾਸ਼ ਸਤਿਆਰਥੀ ਚਿਲਡਰਨ ਫਾਊਂਡੇਸ਼ਨ ਬਾਲ ਅਧਿਕਾਰਾਂ ’ਤੇ ਲਗਾਤਾਰ ਕੰਮ ਕਰ ਰਹੀ ਹੈ। ਫਾਊਂਡੇਸ਼ਨ ਵੱਲੋਂ ਬਾਲ ਮਜ਼ਦੂਰੀ ਬਾਰੇ ਇੱਕ ਜਾਣਕਾਰੀ ਦਿੱਤੀ ਗਈ ਹੈ, ਜਿਸ ਵਿੱਚ ਬਾਲ ਮਜ਼ਦੂਰੀ ਨਾਲ ਸਬੰਧਤ ਬਹੁਤ ਸਾਰੀ ਜਾਣਕਾਰੀ ਦਿੱਤੀ ਗਈ ਹੈ, 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, ਭਾਰਤ ਵਿੱਚ ਬਾਲ ਮਜ਼ਦੂਰਾਂ ਦੀ ਗਿਣਤੀ 1.01 ਕਰੋੜ (10.1 ਮਿਲੀਅਨ) ਹੈ, ਜਿਨ੍ਹਾਂ ਵਿੱਚੋਂ 0.560 ਕਰੋੜ (5.6 ਮਿਲੀਅਨ) ਮੁੰਡੇ ਅਤੇ 0.45 ਕਰੋੜ (4.5 ਮਿਲੀਅਨ) ਕੁੜੀਆਂ ਹਨ,ਜਦੋਂ ਕਿ ਹਾਲ ਹੀ ਦੇ ਵਿਸ਼ਵਅਨੁਮਾਨਾਂ ਅਨੁਸਾਰ, 2020 ਦੀ ਸ਼ੁਰੂਆਤ ਵਿੱਚ, ਵਿਸ਼ਵ ਪੱਧਰ ’ਤੇ 16 ਕਰੋੜ (160 ਮਿਲੀਅਨ) ਬੱਚੇ - 6.300 ਕਰੋੜ (63 ਮਿਲੀਅਨ) ਕੁੜੀਆਂ ਅਤੇ 9.700 ਕਰੋੜ (97 ਮਿਲੀਅਨ) ਮੁੰਡੇ - ਬਾਲ ਮਜ਼ਦੂਰੀ ਵਿੱਚ ਸਨ, ਜੋ ਕਿ ਦੁਨੀਆ ਭਰ ਦੇ ਸਾਰੇ ਬੱਚਿਆਂ ਵਿੱਚੋਂ ਲਗਭਗ 10 ਵਿੱਚੋਂ 1 ਹੈ। ਭਾਰਤ ਭਰ ਵਿੱਚ ਬਾਲ ਮਜ਼ਦੂਰ ਖੇਤੀਬਾੜੀ, ਉਦਯੋਗ ਅਤੇ ਸੇਵਾ ਖੇਤਰਾਂ ਜਿਵੇਂ ਕਿ ਇੱਟਾਂ ਦੇ ਭੱਠੇ, ਕਾਰਪੇਟ ਵਿੱਚ ਲੱਗੇ ਹੋਏ ਹਨ। ਬੱਚੇ ਬੁਣਾਈ, ਕੱਪੜੇ ਨਿਰਮਾਣ, ਘਰੇਲੂ ਸੇਵਾ, ਭੋਜਨ ਰੈਸਟੋਰੈਂਟ, ਗੰਨੇ ਦੇ ਫਾਰਮ, ਮੱਛੀ ਪਾਲਣ ਅਤੇ ਮਾਈਨਿੰਗ ਵਿੱਚ ਪਾਏ ਜਾ ਸਕਦੇ ਹਨ। ਬੱਚਿਆਂ ਨੂੰ ਜਿਨਸੀ ਸ਼ੋਸ਼ਣ ਅਤੇ ਬਾਲ ਪੋਰਨੋਗ੍ਰਾਫੀ ਦੇ ਉਤਪਾਦਨ ਸਮੇਤ ਕਈ ਹੋਰ ਕਿਸਮਾਂ ਦੇ ਸ਼ੋਸ਼ਣ ਦਾ ਵੀ ਖ਼ਤਰਾ ਹੈ।

ਦੋਸਤੋ, ਜੇਕਰ ਅਸੀਂ ਭਾਰਤ ਵਿੱਚ ਬਾਲ ਮਜ਼ਦੂਰੀ ਨੂੰ ਰੋਕਣ ਲਈ ਬਣਾਏ ਗਏ ਕਾਨੂੰਨਾਂ ਦੀ ਗੱਲ ਕਰੀਏ, ਤਾਂ ਭਾਰਤ ਵਿੱਚ ਬਾਲ ਮਜ਼ਦੂਰੀ ਨੂੰ ਖਤਮ ਕਰਨ ਲਈ ਬਾਲ ਮਜ਼ਦੂਰੀ (ਮਨਾਹੀ ਅਤੇ ਨਿਯਮਨ) ਐਕਟ 1986, ਸਿੱਖਿਆ ਦਾ ਅਧਿਕਾਰ ਐਕਟ, 2009, ਰਾਸ਼ਟਰੀ ਬਾਲ ਮਜ਼ਦੂਰੀ ਪ੍ਰੋਜੈਕਟ (©3*♦) ਵਰਗੀਆਂ ਨੀਤੀਆਂ ਅਤੇ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਬਾਲ ਮਜ਼ਦੂਰੀ (ਮਨਾਹੀ ਅਤੇ ਨਿਯਮਨ) ਸੋਧ ਐਕਟ, 2016 ਨੇ ਬਾਲ ਮਜ਼ਦੂਰੀ ਵਿਰੁੱਧ ਕਾਨੂੰਨੀ ਢਾਂਚੇ ਨੂੰ ਮਜ਼ਬੂਤ ??ਕੀਤਾ ਹੈ। ਬਾਲ ਮਜ਼ਦੂਰੀ ਨੂੰ ਖਤਮ ਕਰਨ ਲਈ ਕੀਤੀਆਂ ਗਈਆਂ ਮੁੱਖ ਪਹਿਲਕਦਮੀਆਂ: ਬਾਲ ਮਜ਼ਦੂਰੀ (ਮਨਾਹੀ ਅਤੇ ਨਿਯਮਨ) ਐਕਟ, 1986: ਇਹ ਐਕਟ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਵੀ ਕਿੱਤੇ ਵਿੱਚ ਕੰਮ ਕਰਨ ਤੋਂ ਅਤੇ 18 ਸਾਲ ਤੋਂ ਘੱਟ ਉਮਰ ਦੇ ਕਿਸ਼ੋਰਾਂ ਨੂੰ ਖਤਰਨਾਕ ਕਿੱਤਿਆਂ ਵਿੱਚ ਕੰਮ ਕਰਨ ਤੋਂ ਵਰਜਦਾ ਹੈ। ਸਿੱਖਿਆ ਦਾ ਅਧਿਕਾਰ ਐਕਟ, 2009: ਇਹ 6 ਤੋਂ 14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਦਾ ਹੈ, ਜੋ ਬਾਲ ਮਜ਼ਦੂਰੀ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਰਾਸ਼ਟਰੀ ਬਾਲ ਮਜ਼ਦੂਰੀ ਪ੍ਰੋਜੈਕਟ: ਇਹ ਪ੍ਰੋਜੈਕਟ ਬਾਲ ਮਜ਼ਦੂਰੀ ਤੋਂ ਮੁਕਤ ਬੱਚਿਆਂ ਨੂੰ ਗੈਰ-ਰਸਮੀ ਸਿੱਖਿਆ, ਕਿੱਤਾਮੁਖੀ ਸਿਖਲਾਈ, ਮਿਡ-ਡੇਅ ਮੀਲ, ਵਜ਼ੀਫ਼ਾ ਅਤੇ ਸਿਹਤ ਸੰਭਾਲ ਪ੍ਰਦਾਨ ਕਰਦਾ ਹੈ, ਅਤੇ ਉਹਨਾਂ ਨੂੰ ਰਸਮੀ ਸਕੂਲਿੰਗ ਪ੍ਰਣਾਲੀ ਵਿੱਚ ਜੋੜਦਾ ਹੈ। ਬਾਲ ਮਜ਼ਦੂਰੀ (ਮਨਾਹੀ ਅਤੇ ਨਿਯਮਨ) ਸੋਧ ਐਕਟ, 2016: ਇਸ ਸੋਧ ਦੇ ਤਹਿਤ, 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਰਿਵਾਰਕ ਉੱਦਮਾਂ ਵਿੱਚ ਕੰਮ ਕਰਨ ਸਮੇਤ ਸਾਰੇ ਕਿੱਤਿਆਂ ਵਿੱਚ ਕੰਮ ਕਰਨ ਦੀ ਮਨਾਹੀ ਹੈ। ਬਾਲ ਮਜ਼ਦੂਰੀ ਨਾਲ ਸਬੰਧਤ ਮਾਮਲਿਆਂ ’ਤੇ ਰਾਸ਼ਟਰੀ ਬਾਲ ਮਜ਼ਦੂਰੀ ਖਾਤਮਾ ਅਥਾਰਟੀ ਦਾ ਗਠਨ: ਇਹ ਅਥਾਰਟੀ ਬਾਲ ਮਜ਼ਦੂਰੀ ਨੂੰ ਖਤਮ ਕਰਨ ਵਿੱਚ ਮਦਦ ਕਰਦੀ ਹੈ, ਅਤੇ ਬਾਲ ਮਜ਼ਦੂਰੀ ਨਾਲ ਸਬੰਧਤ ਮਾਮਲਿਆਂ ’ਤੇ ਕਾਨੂੰਨੀ ਕਾਰਵਾਈ ਕਰਦੀ ਹੈ।

ਦੋਸਤੋ, ਜੇਕਰ ਅਸੀਂ ਭਾਰਤ ਦੀ ਗੱਲ ਕਰੀਏ ਤਾਂ ਭਾਰਤ ਵਿੱਚ ਵੀ ਬਹੁਤ ਸਾਰੇ ਬਾਲ ਮਜ਼ਦੂਰ ਹਨ। ਅਤੇ ਬਾਲ ਮਜ਼ਦੂਰਾਂ ਦੀ ਗਿਣਤੀ ਵੀ ਤੇਜ਼ੀ ਨਾਲ ਵੱਧ ਰਹੀ ਹੈ। ਹਾਲਾਂਕਿ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਵਿਰੁੱਧ ਸਖ਼ਤ ਕਦਮ ਚੁੱਕਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ, ਪਰ ਪ੍ਰਧਾਨ ਮੰਤਰੀ ਲਈ ਬਾਲ ਮਜ਼ਦੂਰੀ ਨੂੰ ਰੋਕਣ ਵਿੱਚ ਕਿਰਤ ਵਿਭਾਗ, ਬਾਲ ਸੁਰੱਖਿਆ ਵਿਭਾਗ, ਪੁਲਿਸ, ਮਨੁੱਖੀ ਤਸਕਰੀ ਵਿਰੋਧੀ ਵਿਭਾਗ, ਬਾਲ ਅਧਿਕਾਰ ਕਮਿਸ਼ਨ ਦੀ ਸਰਗਰਮੀ ਦੀ ਘਾਟ ਦਾ ਨੋਟਿਸ ਲੈਣਾ ਜ਼ਰੂਰੀ ਹੈ। ਜੇਕਰ ਦੇਖਿਆ ਜਾਵੇ ਤਾਂ ਬਾਲ ਮਜ਼ਦੂਰ ਹੇਠ ਲਿਖੇ ਤਰੀਕਿਆਂ ਨਾਲ ਕੰਮ ਕਰਦੇ ਹਨ? ਬਾਲ ਮਜ਼ਦੂਰ - ਉਹ ਬੱਚੇ ਜੋ ਫੈਕਟਰੀਆਂ, ਵਰਕਸ਼ਾਪਾਂ, ਅਦਾਰਿਆਂ, ਖਾਣਾਂ ਅਤੇ ਘਰੇਲੂ ਮਜ਼ਦੂਰੀ ਵਰਗੇ ਸੇਵਾ ਖੇਤਰ ਵਿੱਚ ਮਜ਼ਦੂਰੀ ਲਈ ਜਾਂ ਬਿਨਾਂ ਮਜ਼ਦੂਰੀ ਦੇ ਕੰਮ ਕਰ ਰਹੇ ਹਨ। ਗਲੀ ਦੇ ਬੱਚੇ - ਕੂੜਾ ਚੁੱਕਣ ਵਾਲੇ, ਅਖ਼ਬਾਰ ਵੇਚਣ ਵਾਲੇ ਅਤੇ ਭਿਖਾਰੀ। ਬੰਧੂਆ ਬੱਚੇ - ਉਹ ਬੱਚੇ ਜਿਨ੍ਹਾਂ ਨੂੰ ਜਾਂ ਤਾਂ ਉਨ੍ਹਾਂ ਦੇ ਮਾਪਿਆਂ ਨੇ ਪੈਸਿਆਂ ਲਈ ਗਿਰਵੀ ਰੱਖਿਆ ਹੈ ਜਾਂ ਜਿਨ੍ਹਾਂ ਨੂੰ ਆਪਣੇ ਕਰਜ਼ੇ ਚੁਕਾਉਣ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਹੈ। ਕੰਮ ਕਰਨ ਵਾਲੇ ਬੱਚੇ - ਉਹ ਬੱਚੇ ਜੋ ਖੇਤੀਬਾੜੀ ਅਤੇ ਘਰੇਲੂ ਕੰਮਾਂ ਵਿੱਚ ਪਰਿਵਾਰਕ ਮਜ਼ਦੂਰੀ ਦਾ ਹਿੱਸਾ ਹਨ। ਜਿਨਸੀ ਸ਼ੋਸ਼ਣ ਲਈ ਵਰਤੇ ਜਾਂਦੇ ਬੱਚੇ - ਹਜ਼ਾਰਾਂ ਬਾਲਗ ਬੱਚੇ ਅਤੇ ਨਾਬਾਲਗ ਕੁੜੀਆਂ ਜਿਨਸੀ ਸ਼ੋਸ਼ਣ ਦੇ ਜੋਖਮ ਵਿੱਚ ਹਨ। ਘਰੇਲੂ ਕੰਮਾਂ ਵਿੱਚ ਲੱਗੇ ਬੱਚੇ - ਘਰੇਲੂ ਸਹਾਇਕ ਵਜੋਂ ਕੰਮ ਕਰਦੇ ਹਨ। ਇਸ ਵਿੱਚ ਕੁੜੀਆਂ ਦਾ ਸਭ ਤੋਂ ਵੱਧ ਸ਼ੋਸ਼ਣ ਕੀਤਾ ਜਾਂਦਾ ਹੈ - ਬੱਚੇ ਛੋਟੇ ਭੈਣ-ਭਰਾਵਾਂ ਦੀ ਦੇਖਭਾਲ ਕਰਨ, ਖਾਣਾ ਪਕਾਉਣ, ਸਫਾਈ ਕਰਨ ਅਤੇ ਹੋਰ ਅਜਿਹੇ ਘਰੇਲੂ ਕੰਮਾਂ ਵਿੱਚ ਲੱਗੇ ਹੋਏ ਹਨ। ਹਾਲਾਂਕਿ ਭਾਰਤ ਵਿੱਚ ਇਨ੍ਹਾਂ ਗਤੀਵਿਧੀਆਂ ਨੂੰ ਰੋਕਣ ਲਈ ਬਹੁਤ ਸਾਰੇ ਕਾਨੂੰਨ ਬਣਾਏ ਗਏ ਹਨ, ਜਿਵੇਂ ਕਿ ਖਾਣਾਂ ਐਕਟ 1952 - 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਖਾਣਾਂ ਵਿੱਚ ਕੰਮ ਕਰਨ ਤੋਂ ਵਰਜਦਾ ਹੈ, ਪਰ ਮੇਰਾ ਮੰਨਣਾ ਹੈ ਕਿ ਸਬੰਧਤ ਵਿਭਾਗ ਸ਼ਾਇਦ ਇਸ ਵੱਲ ਧਿਆਨ ਦੇਣ ਦੇ ਯੋਗ ਨਹੀਂ ਹੈ।

ਦੋਸਤੋ, ਜੇਕਰ ਅਸੀਂ ਹਰ ਸਾਲ ਬਾਲ ਮਜ਼ਦੂਰੀ ਮਨਾਹੀ ਦਿਵਸ ਮਨਾਉਣ ਦੀ ਗੱਲ ਕਰੀਏ, ਤਾਂ ਵਿਸ਼ਵ ਬਾਲ ਮਜ਼ਦੂਰੀ ਮਨਾਹੀ ਦਿਵਸ ਹਰ ਸਾਲ 12 ਜੂਨ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ, ਇਸ ਨੂੰ ਮਨਾਉਣ ਦਾ ਉਦੇਸ਼ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੰਮ ਕਰਵਾਉਣ ਦੀ ਬਜਾਏ ਉਨ੍ਹਾਂ ਦੀ ਸਿੱਖਿਆ ਅਤੇ ਤਰੱਕੀ ਬਾਰੇ ਜਾਗਰੂਕ ਕਰਨਾ ਹੈ। ਭਾਰਤ ਵਿੱਚ ਬਾਲ ਮਜ਼ਦੂਰੀ ਦੀ ਸਮੱਸਿਆ ਦਹਾਕਿਆਂ ਤੋਂ ਪ੍ਰਚਲਿਤ ਹੈ। ਭਾਰਤ ਸਰਕਾਰ ਨੇ ਬਾਲ ਮਜ਼ਦੂਰੀ ਦੀ ਸਮੱਸਿਆ ਨੂੰ ਖਤਮ ਕਰਨ ਲਈ ਕਦਮ ਚੁੱਕੇ ਹਨ। ਭਾਰਤੀ ਸੰਵਿਧਾਨ ਦੀ ਧਾਰਾ 23 ਬੱਚਿਆਂ ਨੂੰ ਖਤਰਨਾਕ ਉਦਯੋਗਾਂ ਵਿੱਚ ਰੁਜ਼ਗਾਰ ਦੇਣ ਦੀ ਮਨਾਹੀ ਕਰਦੀ ਹੈ। ਭਾਰਤ ਦੀ ਕੇਂਦਰ ਸਰਕਾਰ ਨੇ 1986 ਵਿੱਚ ਬਾਲ ਮਜ਼ਦੂਰੀ ਮਨਾਹੀ ਅਤੇ ਨਿਯਮਨ ਐਕਟ ਪਾਸ ਕੀਤਾ। ਇਸ ਐਕਟ ਦੇ ਅਨੁਸਾਰ, ਬਾਲ ਮਜ਼ਦੂਰੀ ਤਕਨੀਕੀ ਸਲਾਹਕਾਰ ਕਮੇਟੀ ਨਿਯੁਕਤ ਕੀਤੀ ਗਈ ਸੀ। ਇਸ ਕਮੇਟੀ ਦੀ ਸਿਫਾਰਸ਼ ਦੇ ਅਨੁਸਾਰ, ਖਤਰਨਾਕ ਉਦਯੋਗਾਂ ਵਿੱਚ ਬੱਚਿਆਂ ਨੂੰ ਰੁਜ਼ਗਾਰ ਦੇਣ ਦੀ ਮਨਾਹੀ ਹੈ। 1987 ਵਿੱਚ, ਰਾਸ਼ਟਰੀ ਬਾਲ ਮਜ਼ਦੂਰੀ ਨੀਤੀ ਤਿਆਰ ਕੀਤੀ ਗਈ ਸੀ। ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਬਾਲ ਮਜ਼ਦੂਰੀ ਵਿਰੁੱਧ ਵਿਸ਼ਵ ਦਿਵਸ 12 ਜੂਨ 2025- ਆਓ ਬੱਚਿਆਂ ਨੂੰ ਸਿੱਖਿਅਤ ਕਰੀਏ, ਉਨ੍ਹਾਂ ਨੂੰ ਕੰਮ ’ਤੇ ਨਾ ਲਗਾਈਏ, ਜੋ ਕਿ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਿਦਿਅਕ ਖੇਤਰਾਂ ਦਾ ਇੱਕ ਸ਼ਕਤੀਸ਼ਾਲੀ ਸਾਧਨ ਹੈ ਅਤੇ ਰੁਜ਼ਗਾਰ ਦਾ ਇੱਕ ਹਥਿਆਰ ਹੈ। ਬੱਚੇ ਹਰ ਦੇਸ਼ ਦੇ ਉੱਜਵਲ ਭਵਿੱਖ ਦੀ ਨੀਂਹ ਹਨ। ਆਓ ਉਨ੍ਹਾਂ ਨੂੰ ਸਿੱਖਿਅਤ ਬਣਾਈਏ, ਮਜ਼ਦੂਰ ਨਹੀਂ। ਪ੍ਰਧਾਨ ਮੰਤਰੀ ਲਈ ਇਹ ਜ਼ਰੂਰੀ ਹੈ ਕਿ ਉਹ ਭਾਰਤ ਵਿੱਚ ਬਾਲ ਮਜ਼ਦੂਰੀ ਨੂੰ ਰੋਕਣ ਵਿੱਚ ਕਿਰਤ ਵਿਭਾਗ, ਬਾਲ ਸੁਰੱਖਿਆ ਵਿਭਾਗ, ਪੁਲਿਸ, ਮਨੁੱਖੀ ਤਸਕਰੀ ਵਿਰੋਧੀ ਵਿਭਾਗ, ਬਾਲ ਅਧਿਕਾਰ ਕਮਿਸ਼ਨ ਦੀ ਸਰਗਰਮੀ ਦੀ ਘਾਟ ਦਾ ਨੋਟਿਸ ਲੈਣ।

**-ਕੰਪਾਈਲਰ ਲੇਖਕ - ਕਿਆਰ ਮਾਹਿਰ ਕਾਲਮਨਵੀਸ ਸਾਹਿਤਕ ਸ਼ਖਸੀਅਤ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9359653465**

## ਕੌਫ਼ੀ ਵਿਦ ਗੁਰਪ੍ਰੀਤ ਆਰਟਿਸਟ

‘ਇਹ ਗੁਰਪ੍ਰੀਤ ਨਾਲ ਆਰਟਿਸਟ ਲਿਖਣਾ ਤੁਹਾਨੂੰ ਕਿਉਂ ਜਰੂਰੀ ਲੱਗਿਆ।’ ਆਪਣੀ ਕੌਫ਼ੀ ਵਾਲ਼ੀ ਹੋਟ ਸੀਟ ਤੇ ਬੈਠਦੇ ਨੂੰ ਹੀ ਮੈਂ ਗੁਰਪ੍ਰੀਤ ਨੂੰ ਪੁੱਛਿਆ। ਕਿਉਂਕਿ ਉਹ ਮੇਰੀ ਅੱਜ ਦੀ ਕੌਫ਼ੀ ਵਿਦ ਦਾ ਮਹਿਮਾਨ ਸੀ।

÷ਹਾਂਜੀ ਸਰ ਗੁਰਪ੍ਰੀਤ ਨਾਮ ਦੇ ਬਹੁਤ ਲੋਕ ਹੁੰਦੇ ਹਨ ਤੇ ਆਪਣੀ ਪਹਿਚਾਣ ਦੱਸਣ ਲਈ ਮੈਂ ਗੁਰਪ੍ਰੀਤ ਆਰਟਿਸਟ ਲਿਖਦਾ ਹੈ।÷ ਉਸਨੇ ਬੜੇ ਸਧਾਰਨ ਜਿਹੇ ਢੰਗ ਨਾਲ ਜਵਾਬ ਦਿੱਤਾ। ਗੱਲ ਉਸਦੀ ਬਿਲਕੁਲ ਸਹੀ ਸੀ। ਬਠਿੰਡਾ ਵਾਲੇ Gurpreet Artist Bathinda ਦਾ ਦਾਇਰਾ ਬਹੁਤ ਵਿਸ਼ਾਲ ਹੈ। ਉਹ ਕਿਸੇ ਇੱਕ ਕਲਾ ਦਾ ਧਾਰਨੀ ਨਹੀਂ। ਉਹ ਕਲਾਵਾਂ ਵਿੱਚ ਨਿਪੁੰਨ ਹੈ। ਇਹੋ ਜੀਹੀਆਂ ਸਖਸ਼ੀਅਤਾਂ ਨੂੰ ਮਲਟੀ ਟੈਲੇਂਟਡ ਕਹਿੰਦੇ ਹਨ। ਇਹ ਲੋਕ ਬਹੁਤ ਵਿਰਲੇ ਹੀ ਹੁੰਦੇ ਹਨ। ਇਹ ਲੋਕ ਕਲਾਕਾਰ ਹੋਣ ਦੇ ਨਾਲ ਨਾਲ ਜਨੂੰਨੀ ਵੀ ਹੁੰਦੇ ਹਨ। ਇਹ?ਹਨਾਂ ਦਾ ਵਿਸ਼ੇਸ਼ ਔਰਾ ਹੁੰਦਾ ਹੈ। ਕੈਨਵਸ ਤੇ ਆਪਣੀ ਕਲਾ ਪ੍ਰਗਟਾਵਾ ਕਰਨ ਵਾਲੇ ਗੁਰਪ੍ਰੀਤ ਦੇ ਹੱਥਾਂ ਵਿੱਚ ਜਾਦੂ ਹੈ। ਕਿਸੇ ਚਿੱਤਰ ਨੂੰ ਬਣਾਉਣ ਲਈ ਉਹ ਕਈ ਕਈ ਮਹੀਨੇ ਤਪੱਸਿਆ ਕਰਦਾ ਹੈ ਤੇ ਫਿਰ ਹੀ ਸਫਲਤਾ ਹੱਥ ਆਉਂਦੀ ਹੈ ਤੇ ਉਹ ਤਸਵੀਰ ਬੋਲਣ ਲੱਗਦੀ ਹੈ। ਫਾਈਨ ਆਰਟਸ ਦੀ ਉੱਚ ਤਲੀਮ ਹਾਸਿਲ ਕਰ ਚੁੱਕਿਆ ਗੁਰਪ੍ਰੀਤ ਕੋਈਂ ਪੱਚੀ ਸਾਲ ਸੇਂਟ ਜੋਸਫ ਸਕੂਲ ਵਿੱਚ ਬਤੌਰ ਟੀਚਰ ਆਪਣੀਆਂ ਸੇਵਾਵਾਂ ਦੇ ਚੁੱਕਿਆ ਹੈ। ਮਸ਼ਹੂਰ ਨਾਟਕਕਾਰ ਟੋਨੀ ਬਾਤਿਸ਼ ਨਾਲ ਦਸ ਸਾਲ ਲਗਾਤਾਰ ਨਾਟਕ ਕਰਨ ਵਾਲਾ ਗੁਰਪ੍ਰੀਤ ਇੱਕ ਵਧੀਆ ਸਟੇਜ ਐਕਟਰ ਅਤੇ ਅਦਾਕਾਰ ਹੈ। ਇਸ ਨੇ ਕਈ ਵੱਡੇ ਨਾਟਕਾਂ ਵਿੱਚ ਆਪਣੇ ਜੌਹਰ ਦਿਖਾਏ ਹਨ। ਬੇਸ਼ਕ ਹੁਣ ਇਹ ਨਾਟਕ ਨਹੀਂ ਕਰਦਾ ਪਰ ਨਾਟਕਾਂ ਵਾਲਾ ਕੀੜਾ ਮਰਦਾ ਵੀ ਤਾਂ ਨਹੀਂ। ਬੁਰਸ਼ ਦੇ ਨਾਲ ਨਾਲ ਇਸਦੀ ਕਲਮ ਤੇ ਵੀ ਮਜਬੂਤ ਪਕੜ ਹੈ। ਸਾਹਿਤ ਨਾਲ ਜੁੜਿਆ ਗੁਰਪ੍ਰੀਤ ਜਿੰਨ੍ਹਾਂ ਲਿਖਦਾ ਹੈ। ਉਸ ਤੋਂ ਕਿਤੇ ਵੱਧ ਪੜ੍ਹਦਾ ਹੈ। ਸਾਹਿਤ ਪੜ੍ਹਨ ਵਾਲੇ ਦੀ ਸੋਚ ਵਿਸ਼ਾਲ ਹੋ ਜਾਂਦੀ ਹੈ। ਆਰਟਿਸਟ ਅਤੇ ਲੇਖਕ ਇੱਕ ਰਚਣਹਾਰਾ ਹੁੰਦਾ ਹੈ। ਉਹ ਆਪਣੀ ਸੋਚ ਨੂੰ ਕੈਨਵਸ ਕਾਗਜ਼ ਤੇ ਉਤਾਰਦਾ ਹੈ। ਗੁਰਪ੍ਰੀਤ ਹੱਥ ਵਿੱਚ ਕੈਮਰਾ ਵੀ ਰੱਖਦਾ ਹੈ। ਫੋਟੋਗ੍ਰਾਫੀ ਵਿੱਚ ਉਸਨੂੰ ਮਕਬੂਲੀਅਤ ਹਾਸਿਲ ਹੈ। ਉਹ ਫੋਟੋਗ੍ਰਾਫੀ ਵਿੱਚ ਵੀ ਆਪਣਾ ਸਿੱਕਾ ਮਨਵਾ ਚੁੱਕਿਆ ਹੈ। ਉਸ ਦੀਆਂ ਖਿੱਚੀਆਂ ਫੋਟੋਆਂ ਬੋਲਦੀਆਂ ਹਨ। ਜਿੱਥੇ ਕਿਸਾਨ ਅੰਦੋਲਨ ਦੌਰਾਨ ਉਸ ਦੇ ਬਣਾਏ ਪੋਸਟਰਾਂ ਨੇ ਕਰੋੜਾਂ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਉਥੇ ਉਸ ਦੁਆਰਾ ਕੈਮਰੇ ਨਾਲ ਲਈਆਂ ਤਸਵੀਰਾਂ ਨੇ ਵੀ ਆਪਣੀ ਜਗ?ਹਾ ਬਣਾਈ ਹੈ।



ਗੁਰਪ੍ਰੀਤ ਨੇ ਗੱਲਬਾਤ ਦੌਰਾਨ ਆਪਣੀਆਂ ਰੁਚੀਆਂ ਬਾਰੇ ਦੱਸਦੇ ਹੋਏ ਨੇ ਕਿਹਾ ਕਿ ਉਸਨੂੰ ਘੁੰਮਣ ਫਿਰਨ ਦੇ ਨਾਲ ਨਾਲ ਹਾਈਕਿੰਗ, ਟਰੈਕਿੰਗ, ਰਾਫਟਿੰਗ ਦਾ ਸ਼ੌਕ ਹੈ। ਉਹ ਹਰ ਸਾਲ ਕਿਤੇ ਨਾ ਕਿਤੇ ਘੁੰਮਣ ਜਾਂਦਾ ਹੈ। ਪਹਾੜਾਂ, ਨਦੀ ਨਾਲਿਆਂ ਨਾਲ ਉਸਦਾ ਨੇੜਲਾ ਨਾਤਾ ਹੈ। ਉਹ ਭਾਰਤ ਦੇ ਹਰੇਕ ਸੂਬੇ ਅਤੇ ਸ਼ਹਿਰ ਘੁੰਮਿਆ ਹੋਇਆ ਹੈ। ਇੱਥੇ ਹੀ ਬੱਸ ਨਹੀਂ ਇਹ ਬਾਹਰਲੇ ਮੁਲਕਾਂ ਦਾ ਹਵਾ ਪਾਣੀ ਵੀ ਚੈੱਕ ਕਰ ਚੁੱਕਿਆ ਹੈ। ਗੁਰਪ੍ਰੀਤ ਆਪਣੀ ਪ੍ਰਾਪਤੀਆਂ ਅਤੇ ਰੁਚੀਆਂ ਦਾ ਕਰੈਡਿਟ ਆਪਣੀ ਵੱਡੀ ਭੈਣ ਨੂੰ ਦਿੰਦਾ ਹੈ ਜੋ ਅੱਜਕਲ੍ਹ ਸ਼ਿਕਾਗੋ ਰਹਿੰਦੀ ਹੈ। ਗੁਰਪ੍ਰੀਤ ਸਰਗਮ ਨਾਮ ਦੀ ਬੇਟੀ ਅਤੇ ਕੁੰਵਰ ਜੈ ਸਿੰਘ ਨਾਲ ਦੇ ਬੇਟੇ ਦਾ ਬਾਪ ਹੈ। ਬੱਚਿਆਂ ਨੂੰ ਵੀ ਇਸਨੇ ਆਪਣੇ ਰੰਗ ਵਿੱਚ ਰੰਗ ਲਿਆ ਹੈ। ਜਿੱਥੇ ਬੇਟੀ ਵੀ ਖੂਬਸੂਰਤ ਚਿੱਤਰ ਬਣਾਉਂਦੀ ਹੈ ਉਥੇ ਘਰ ਦੀ ਅਮਿਤ ਸ਼ਾਹ ਵੀ ਬਾਹਰ ਨਾਲ ਘੁੰਮਣ ਜਾਂਦੀ ਹੈ ਅਤੇ ਇੱਕ ਸਫਲ ਹਮਸਫਰ ਦੀ ਭੂਮਿਕਾ ਨਿਭਾਉਂਦੀ ਹੈ। ਬੇਸ਼ਕ ਗੁਰਪ੍ਰੀਤ ਜਲਦੀ ਹੀ ਆਪਣੇ ਜੀਵਨ ਦੀ ਗੋਲਡਨ ਜੁਬਲੀ ਅਤੇ ਵਿਆਹ ਦੀ ਸਿਲਵਰ ਜੁਬਲੀ ਮਨਾਉਣ ਵੱਲ ਅੱਗੇ ਵੱਧ ਰਿਹਾ ਹੈ ਪ੍ਰੰਤੂ ਮੈਂ ਵੇਖਿਆ ਕਿ ਉਸਦਾ ਬਚਪਨ ਅਜੇ ਮਰਿਆ ਨਹੀਂ। ਉਹ ਬੱਚਿਆਂ ਵਾਲੇ ਅੰਦਾਜ਼ ਵਿੱਚ ਸਮਾਇਲ ਪਾਸ ਕਰਦਾ ਹੋਇਆ ਸਾਹਮਣੇ ਵਾਲੇ ਤੋਂ ਹੁੰਗਾਰਾ ਭਰਵਾਉਂਦਾ ਹੈ। ਸਮਾਜ ਵਿੱਚ ਇੱਕ ਬੁੱਧੀਜੀਵੀ ਵਜੋਂ ਵਿਚਰਨ ਵਾਲੇ ਗੁਰਪ੍ਰੀਤ ਵਿੱਚ ਕਈ ਵਾਰੀ ਇੱਕ ਬੱਚਾ ਨਜ਼ਰ ਆਉਂਦਾ ਹੈ।

ਗੁਰਪ੍ਰੀਤ ਖਾਣ ਪੀਣ ਦੇ ਮਾਮਲੇ ਵਿੱਚ ਕਾਫੀ ਸਖਤ ਬੰਧਨ ਵਿੱਚ ਰਹਿੰਦਾ ਹੈ। ਉਹ ਬਿਨਾਂ ਦੁੱਧ ਤੇ ਮਿੱਠੇ ਵਾਲੀ ਕਾਲੀ ਕੌਫ਼ੀ ਦਾ ਸੇਵਨ ਕਰਦਾ ਹੈ। ਉਸਨੂੰ ਖਾਣ ਪੀਣ ਦੀਆਂ ਚੀਜ਼ਾਂ ਬਾਰੇ ਪੂਰੀ ਜਾਣਕਾਰੀ ਹੈ ਅਤੇ ਉਸ ਅਨੁਸਾਰ ਹੀ ਚੱਲਣ ਦੀ ਕੋਸ਼ਿਸ਼ ਕਰਦਾ ਹੈ।

ਕਾਲਜ ਦੀ ਪੜ੍ਹਾਈ ਦੌਰਾਨ ਗੁਰਪ੍ਰੀਤ ਵਿਦਿਆਰਥੀ ਯੂਨੀਅਨ ਵਿੱਚ ਕਾਫੀ ਸਰਗਰਮ ਰਿਹਾ ਹੈ। ਅੱਜ ਕੱਲ੍ਹ ਲੋਕ ਹਿੱਤਾਂ ਦੀ ਪੈਰਵੀ ਕਰਦਾ ਹੋਇਆ ਬਠਿੰਡਾ ਦਾ ਬੱਸ ਅੱਡੇ ਦੀ ਸ਼ਿਫਟਿੰਗ ਦਾ ਵਿਰੋਧ ਕਰ ਰਹੇ ਜਨ ਸਮੂਹ ਵਿੱਚ ਐਕਟਿਵ ਭੂਮਿਕਾ ਨਿਭਾ ਰਿਹਾ ਹੈ। ਦੇਸ਼ ਵਿੱਚ ਸਿਆਸੀ ਬਦਲਾਵ ਲਿਆਉਣ ਲਈ ਗੁਰਪ੍ਰੀਤ ਆਮ ਆਦਮੀ ਪਾਰਟੀ ਲਈ ਵੀ ਜੀਅ ਤੋੜ ਕੰਮ ਕਰਦਾ ਰਿਹਾ ਹੈ ਪਰ ਲੱਗਦਾ ਹੈ ਹੁਣ ਇਸਦਾ ਉਸ ਅਖੌਤੀ ਬਦਲਾਅ ਤੋਂ ਮੋਹ ਭੰਗ ਹੋ ਗਿਆ ਹੈ। ਇਹ ਸੱਚ ਹੈ ਕਿ ਸਿਆਸਤ ਦੇ ਹਮਾਮ ਵਿੱਚ ਗੁਰਪ੍ਰੀਤ ਵਰਗੇ ਜਿੰਦਾ ਜ਼ਮੀਰ ਵਾਲੇ ਕਲਾਕਾਰਾਂ ਲਈ ਕੋਈਂ ਜਗ?ਹਾ ਨਹੀਂ ਹੁੰਦੀ।

ਇਹ ਤਾਂ ਸ਼ੋਭਾ ਸਿੰਘ ਵਾਂਗੂ ਕਿਤੇ ਦੂਰ ਪਹਾੜੀਆਂ ਦੇ ਸ਼ਾਂਤ ਵਾਤਾਵਰਨ ਵਿੱਚ ਰੰਗ ਬਿਖੇਰਦੇ ਹੀ ਚੰਗੇ ਲੱਗਦੇ ਹਨ।

ਊ ਗੱਲ ਆ ਇੱਕ।

**ਰਮੇਸ਼ ਸੇਠੀ ਬਾਦਲ**
**9876627233**

## ਧਰਮ ਪ੍ਰਚਾਰ ਤੇ ਵੈਦ ਗਿਰੀ ਦਾ ਕਿੱਤਾ

ਅੱਜ ਕੁਛ ਲੋਕਾਂ ਨੇ ਸੋਚਣਾ, ਕਿ ਵੈਦ ਆਪਣੇ ਕਿੱਤੇ ਨੂੰ ਧਰਮ ਨਾਲ ਕਿਉਂ ਜੋੜ ਰਿਹਾ ਹੈ ? ਕਿਉਂਕਿ ਦੋਹਵਾਂ ਵਿਚ ਇੱਕ ਗੱਲ ਬਹੁਤ ਜਿਆਦਾ ਸਾਂਝੀ ਹੈ, ਜਿਸਦਾ ਜ਼ਿਕਰ ਕਰਨਾ ਇੱਥੇ ਬਹੁਤ ਜਰੂਰੀ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਨੂੰ ਭਾਵੇਂ ਅਸੀਂ ਧਰਮ ਪ੍ਰਚਾਰ ਕਹਿੰਦੇ ਹਾਂ। ਦਰਅਸਲ ਉਹ ਧਰਮ ਦੇ ਪ੍ਰਚਾਰ ਨਾਲੋਂ ਮਨੁੱਖਤਾ ਦੇ ਹਿਤ ਵਿਚ ਕੀਤਾ ਜਿਆਦਾ ਪਰਚਾਰ ਸੀ। ਕਿਉਂਕਿ ਉਦੋਂ ਜਾਹਿਲਤਾ ਬਹੁਤ ਜਿਆਦਾ ਸੀ। ਤੇ ਇੱਕ ਸੱਚੇ ਰਹਿਬਰ ਦੀ ਲੋੜ ਸੀ। ਜਿਹੜਾ ਲੋਕਾਈ ਨੂੰ ਮਨੁੱਖਤਾ ਦਾ ਪਾਠ ਪੜਾ ਸਕੇ। ਤੁਸੀਂ ਦੇਖੋ, ਇੱਕ ਸੱਚਾ ਰਹਿਬਰ ਇੱਕ ਸਾਥੀ ਨਾਲ ਘਰੋਂ ਨਿਕਲਦਾ ਹੈ। ਉਸ ਕੋਲ ਕੋਈ ਸਾਧਨ ਨਹੀਂ, ਫਿਰ ਵੀ ਉਹ ਕਰੋੜਾਂ ਦੀ ਗਿਣਤੀ ਵਿਚ ਆਪਣੇ ਸਿੱਖ (ਵਿਦਿਆਰਥੀ) ਬਣਾ ਧਰਦਾ ਹੈ। ਪਰ ਅੱਜ ? ਕਰੋੜਾਂ ਦੀ ਗੱਡੀ, ਲੱਖਾਂ ਦਾ ਬਾਣਾ, ਲੱਖਾਂ ਰੁਪਏ ਦੇ ਸਾਜ਼ ਪੂਰੇ ਲਾਵ ਲਸ਼ਕਰ ਨਾਲ ਨਿਕਲਿਆ ਇੱਕ ਪ੍ਰਚਾਰਕ, ਇੱਕ ਮੇਲਾ ਤਾਂ ਬਹੁਤ ਵੱਡਾ ਲਗਾ ਆਉਂਦਾ ਹੈ। ਪਰ ਅਸਰ ਜ਼ੀਰੋ ਹੈ ? ਕਾਰਨ ? ਪੈਸਾ ਭਾਰੂ ਹੈ। ਪਰਚਾਰਕ ਚਾਹੁੰਦਾ ਹੈ, ਵੱਧ ਤੋਂ ਵੱਧ ਮਿਲਣ। ਪ੍ਰਬੰਧਕਾਂ ਦਾ ਟੀਚਾ ਹੁੰਦਾ ਹੈ, ਕਿ ਵੱਧ ਤੋਂ ਵੱਧ ਬਚਾਏ ਜਾ ਸਕਣ। ਫਿਰ ਪਰਚਾਰ ਕਿੱਥੇ ਰਹਿ ਗਿਆ ? ਤਾਂ ਹੀ ਸਾਨੂੰ ਪਰਚਰਵਦਾ ਅਸਰ ਦੀਵਾਨ ਦੀ ਸਮਾਪਤੀ ਤੋਂ ਟਰਾਲੀ ਵਿਚ ਬੈਠਣ ਤੱਕ ਤਾਂ ਦਿਸਦਾ ਹੈ। ਪਰ ਟਰਾਲੀ ਵਿਚ ਬੈਠਦੇ ਹੀ ਫੁਸ ਫੁਸ ਸ਼ੁਰੂ ਹੋ ਜਾਂਦੀ ਹੈ, ਫਲਾਣੀ ਦੀ ਨੂੰਹ ਦੇ ਕੱਪੜੇ ਦੇਖੇ ਸੀ ? ਫਲਾਣਾ ਦੇਖ ਕਿਵੇਂ ਝਾਕਦਾ ਸੀ ਵਗੈਰਾ ਵਗੈਰਾ। ਸੋ ਲਾਲਚ ਹਿਤ ਕੀਤਾ ਗਿਆ ਪ੍ਰਚਾਰ ਥੋੜ੍ਹੇ ਸਮੇਂ ਲਈ ਰੌਣਕ ਜਰੂਰ ਲਾਉਂਦਾ ਹੈ। ਪਰ ਆਪਣਾ ਅਸਰ ਨਹੀਂ ਛੱਡ ਸਕਦਾ।

ਉਹੀ ਹਾਲਤ ਅੱਜ ਡਾਕਟਰੀ ਕਿੱਤੇ ਤੇ ਵੈਦ ਗਿਰੀ ਵਗੈਰਾ ਦੀ ਹੈ। ਆਯੁਰਵੈਦਿਕ ਪ੍ਰਣਾਲੀ ਦਾ ਭੱਠਾ ਤਾਂ ਹਰਬੱਲ ਨੇ ਬਿਠਾ ਦਿੱਤਾ ਹੈ। ਜਿਹੜਾ ਕਹਿਕੇ ਤਾਂ ਆਯੁਰਵੇਦ ਵੇਚਦੇ ਨੇ ਪਰ ਉਸ ਵਿਚ ਆਯੁਰਵੇਦ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ। ਕਿਉਂਕਿ ਪੈਸਾ ਭਾਰੂ ਹੈ। ਪਰ ਇੱਥੇ ਮਰੀਜ਼ ਤੇ ਡਾਕਟਰ ਦੋਹਵੇਂ ਬਰਾਬਰ ਦੇ ਦੋਸ਼ੀ ਹਨ। ਮਰੀਜ਼ ਚਾਹੁੰਦਾ ਹੈ, ਬਸ ਮੈਂ ਛੇਤੀ ਠੀਕ ਹੋ ਜਾਵਾਂ। ਡਾਕਟਰ ਦੇਖਦਾ ਕਿ ਪੈਸੇ ਕਿਹੜੀ ਦਵਾਈ ਵਿਚ ਜਿਆਦਾ ਬਣਦੇ? ਫਿਰ ਤੁਸੀਂ ਜਾਣਦੇ ਹੋ ਕਿ ਛੇਤੀ ਕੰਮ ਤਾਂ ਸਟੀਰਾਇਡ ਹੀ ਕਰੇਗਾ।

ਮੈਨੂੰ ਇੱਕ ਦੋ ਆਦਮੀਆਂ ਨੇ ਪੁੱਛਿਆ ਕਿ ਵੈਦ ਜੀ ਤੁਸੀਂ ਬੈਦਨਾਥ ਦੀਆਂ ਦਵਾਈਆਂ ਨੂੰ ਕਿਉਂ ਪਹਿਲ ਦਿੰਦੇ ਹੋ ? ਕਈ ਸੋਚਦੇ ਕਿ ਵੈਦ ਨੂੰ ਸ਼ਾਇਦ ਕਮਿਸ਼ਨ ਮਿਲਦਾ ਹੋਵੇ। ਭਲਿਓ ਲੋਕੋ, ਕਿਸੇ ਨੇ ਮੇਰੀ ਦਸੀ ਦਵਾਈ on line, ਕਿਸੇ ਨੇ ਪੰਜਾਬ ਦੇ ਕਿਸੇ ਕੋਨੇ ਤੋਂ ਤੇ ਕਿਸੇ ਨੇ ਹਰਿਆਣਾ ਯੂਪੀ ਵਗੈਰਾ ਵਿਚੋਂ ਖਰੀਦਣੀ ਹੈ। ਜਦਕਿ ਨਾ ਮੇਰੀ ਕੋਈ ਪਰਚੀ ਹੁੰਦੀ, ਨਾ ਮੇਰਾ ਕੋਈ ਵੇਰਵਾ ਹੁੰਦਾ, ਫਿਰ ਕਮਿਸ਼ਨ ਮੇਰੇ ਕੋਲ ਕਿਸ ਹਿਸਾਬ ਨਾਲ ਪਹੁੰਚ ਸਕਦਾ ? ਮੈਂ ਸਿਰਫ ਇਸ ਲਈ ਕਹਿੰਦਾ ਹਾਂ, ਕਿਉਂਕਿ ਇਹਨਾ ਦੀਆਂ ਦਵਾਈਆਂ ਤੇ ਕੋਈ ਅੱਜਤਕ ਉਂਗਲੀ ਨਹੀਂ ਉਠਾ ਸਕਿਆ। ਦੂਸਰਾ ਜਿੱਥੇ ਬਾਕੀ ਕੰਪਨੀਆਂ ਵਾਲੇ ਕੰਮ ਨਵੀਨਤਮ ਤਕਨੀਕ ਨਾਲ ਕਰ ਰਹੇ ਹਨ, ਬੈਦਨਾਥ ਵਾਲੇ ਅੱਜ ਵੀ ਪੁਰਾਤਨ ਤਕਨੀਕ ਨਾਲ ਦਵਾਈਆਂ ਬਣਾ ਰਹੇ ਹਨ।

ਬਾਕੀ ਮੇਰੀ ਪੋਸਟ ਦਾ ਮਤਲਬ ਤੁਸੀਂ ਸਮਝ ਹੀ ਗਏ ਹੋਵੋਗੇ ਕਿ ਖੁਦ ਦੇ ਲਾਲਚ ਲਈ ਕੀਤਾ ਗਿਆ ਕੋਈ ਵੀ ਕੰਮ ਕਦੇ ਸਮਾਜ ਤੇ ਪ੍ਰਭਾਵ ਨਹੀਂ ਛੱਡਿਆ ਕਰਦਾ। ਮੈਂ ਨਹੀਂ ਕਹਿੰਦਾ ਕਿ ਡਾਕਟਰ ਤੇ ਵੈਦ ਪੈਸੇ ਨਾ ਬਣਾਉਣ। ਉਹਨਾਂ ਨੂੰ ਅਪਣਾ ਪਰਿਵਾਰ ਚਲਾਉਣ ਲਈ ਪੈਸਾ ਬਣਾਉਣਾ ਹੀ ਪਵੇਗਾ। ਮੈਂ ਵੀ ਲੈਂਦਾ ਹਾਂ, ਬਣਾਉਂਦਾ ਹਾਂ। ਪਰ ਇੱਕ ਹੱਦ ਤੱਕ। ਕਿਸੇ ਨੂੰ ਗਲਤ ਸਲਾਹ ਦੇ ਕੇ, ਖਾਹਮਖਾਹ ਡਰਾ ਕੇ, ਬਿਮਾਰੀ ਨੂੰ ਲਮਕਾ ਕੇ ਪੈਸਾ ਬਣਾਉਣਾ ਹਰਾਮ ਦੀ ਕਮਾਈ ਵਿਚ ਆਉਂਦਾ ਹੈ। ਬਾਕੀ ਭਾਈ ਆਪੋ ਆਪਣੀ ਸੋਚ ਹੈ। ਮੈਂ ਸਾਧ ਪਰਵਿਰਤੀ ਦਾ ਆਦਮੀ ਹਾਂ। ਮੇਰਾ ਮਕਸਦ ਹੁੰਦਾ, ਬਸ ਜਿੰਦਗੀ ਚਲਦੀ ਰਹੇ। ਬਾਕੀ ਆਹ ਮਹਿਲ ਮੁਨਾਰੇ ਸਭ ਇੱਥੇ ਹੀ ਰਹਿ ਜਾਣੇ ਨੇ। ਇਹ ਗੱਲਾਂ, ਕਹਿੰਦਾ ਤਾਂ ਹਰ ਕੋਈ ਹੈ ਪਰ ਅਮਲ ਕੋਈ ਵਿਰਲਾ ਹੀ ਕਰਦਾ ਹੈ। ਮੈਨੂੰ ਪਿਛਲੇ ਦਿਨਾਂ ਵਿਚ ਬਹੁਤ ਖੁਸ਼ੀ ਹੋਈ, ਕਿੰਨੇ ਹੀ ਪੁਰਾਣੇ ਮਰੀਜ਼ਾਂ ਨੇ ਮੇਰੇ ਪਿਤਾ ਜੀ ਦਾ ਜਿਕਰ ਕੀਤਾ ਹੈ।



ਸੀ ਤੁਹਾਡੀ ਸਭ ਦੀ ਰਾਜ਼ੀ ਖ਼ੁਸ਼ੀ ਦੀ ਕਾਮਨਾ ਕਰਦਾ ਹੋਇਆ, ਸਭ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹੋਇਆ

**ਤੁਹਾਡਾ ਆਪਣਾ**
**ਵੈਦ ਬਲਵਿੰਦਰ ਸਿੰਘ ਢਿੱਲੋਂ**
**ਵਿੰਨੀਪੈਗ ਵਾਲੇ**
**+14312932265**

# ਕਿਸਾਨ ਆਗੂ ਤਿੰਮੋਵਾਲ ਨਾਲ ਦੁੱਖ ਦਾ ਇਜ਼ਹਾਰ ਕੀਤਾ



**ਜੰਡਿਆਲਾ ਗੁਰੂ, ਗੁਰਦੇਵ ਸਿੰਘ ਮਨਜੋਤਰਾਂ**

ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂ ਸਾਥੀ ਗੁਰਮੇਜ ਸਿੰਘ ਤਿੰਮੋਵਾਲ ਦੇ ਵੱਡੇ ਭਰਾ ਪਰਮਜੀਤ ਸਿੰਘ ਦਾ ਬੀਤੇ ਦਿਨੀ ਬੀਮਾਰੀ ਕਾਰਨ ਦਿਹਾਂਤ ਹੋ ਗਿਆ ਸੀ। ਜਿਸ ਦੇ ਚੱਲਦਿਆਂ ਇਲਾਕੇ ਵਿੱਚ ਇਸ ਸੋਗ ਦੀ ਲਹਿਰ ਦੌਰਾਨ ਪਾਰਟੀ ਆਗੂਆਂ ਅਤੇ ਇਲਾਕੇ ਦੀਆਂ ਮੋਹਤਬਰਾਂ ਸਖਸੀਅਤਾਂ ਜਿਨਾਂ ਵਿਚ ਅੱਡਾ ਟਾਂਗਰਾ ਦੇ ਪ੍ਰਧਾਨ ਕੁਲਵੰਤ ਸਿੰਘ , ਜਸਦੀਸ਼ ਸਿੰਘ ਬਿੱਟੂ ਸਪੇਅਰ ਪਾਰਟ ਅਤੇ ਟਾਂਗਰਾ ਦੇ ਹੋਰ ਦੁਕਾਨਦਾਰਾਂ ਨੇ ਸਾਥੀ ਗੁਰਮੇਜ ਸਿੰਘ ਅਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਦੱਸਦਿਆਂ ਵਿੱਛੜੀ ਰੂਹ ਨੂੰ ਚਰਨਾਂ ਵਿੱਚ ਨਿਵਾਸ ਬਖਸਣ ਲਈ ਮਾਲਕ ਅੱਗੇ ਅਰਦਾਸ ਬੇਨਤੀ ਕੀਤੀ ਅਤੇ ਇਸ ਮੌਕੇ ਸਾਥੀ ਗੁਰਮੇਜ ਸਿੰਘ ਨੇ ਦੱਸਿਆ ਕਿ ਪਰਮਜੀਤ ਸਿੰਘ ਦੇ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 16 ਜੂਨ ਦਿਨ ਸੋਮਵਾਰ ਨੂੰ ਪਾਏ ਜਾਣਗੇ ।

# ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ ਅਤੇ ਜੇਠ ਦੀ ਪੂਰਨਮਾਸੀ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ

**ਫਿਰੋਜ਼ਪੁਰ/ਮਨੋਹਰ ਲਾਲ**

ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ ਅਤੇ ਜੇਠ ਦੀ ਪੂਰਨਮਾਸੀ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠਾਂ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਸ਼ਹੀਦਾਂ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਤੇ ਭਾਈ ਇਕਬਾਲ ਸਿੰਘ ਲੰਗੇਆਣਾ ਵਾਲੇ, ਭਾਈ ਸਰਬਜੀਤ ਸਿੰਘ ਫਰੀਦਕੋਟ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਖ਼ੂਨਦਾਨ ਕੈਂਪ ਲਾਇਆ ਗਿਆ। ਇਸ ਤੋਂ ਇਲਾਵਾ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਛੋਲੇ ਪੂੜੀਆਂ ਦਾ ਲੰਗਰ ਲਾਇਆ ਗਿਆ। ਇਸ ਮੌਕੇ ਤੇ ਵੱਖ—ਵੱਖ ਆਗੂਆਂ ਨੇ ਵਾਹਿਗੁਰੂ ਸੱਚੇ ਪਾਤਸ਼ਾਹ ਅੱਗੇ ਅਰਦਾਸ ਬੇਨਤੀ ਕੀਤੀ ਕਿ ਹੇ ਵਾਹਿਗੁਰੂ ਸੱਚੇ ਪਾਤਸ਼ਾਹ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਦੇ ਸਰੀਰ ਤੇ ਜ਼ੋ ਵੀ ਕਸਟ ਆਇਆ ਹੈ, ਉਹ ਦੂਰ ਕਰੋ, ਕਿਉਂਕਿ ਬਾਬਾ ਜੀ ਦੀ ਖੱਬੀ ਲੱਤ ਦਾ ਖ਼ੂਨ ਦਾ ਸਰਕੂਲੇਸ਼ਨ ਬੰਦ ਹੋਇਆ ਹੈ, ਉਹ ਦੂਰ ਕੀਤਾ ਜਾਵੇ। ਇਸ ਮੌਕੇ ਤੇ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਸਭ ਤੋਂ ਪਹਿਲਾਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ, ਜਿਹੜੇ ਕਿ ਏਨੀ ਗਰਮੀ ਵਿਚ ਗੁਰੂ ਘਰ ਵਿਚ ਹਾਜ਼ਰੀ ਭਰੀ। ਇਸ ਮੌਕੇ ਤੇ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਕਥਾ ਕਰਦਿਆਂ ਕਿਹਾ ਕਿ ਸਾਨੂੰ ਵਹਿਮਾਂ—ਭਰਮਾਂ ਤੋਂ ਉਪਰ ਉਠ ਕੇ ਗੁਰੂ ਦੀ ਸ਼ਰਨ ਵਿਚ ਰਹਿਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਅੰਮ੍ਰਿਤ ਛਕ ਕੇ ਗੁਰੂ ਲੜ ਲੱਗਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਨਾਮ ਸਿਮਰਨ ਕਰਨਾ ਚਾਹੀਦਾ ਹੈ, ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਾਈ ਬਾਪ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਭਾਈ ਹਰਪਿੰਦਰ ਸਿੰਘ ਗੁਰਦੁਆਰਾ ਛੱਪੜੀ ਨੇ ਸਮੂਹ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਭਾਈ ਹਰਜੀਤ ਸਿੰਘ ਤੂਤ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।



# ਕੈਪਟਨ ਸੁਰਭੀ ਦੇ ਪ੍ਰਦਰਸ਼ਨ ਕਾਰਨ ਅੰਡਰ-19 ਕ੍ਰਿਕਟ ਟੀਮ ਨੇ ਹੁਸ਼ਿਆਰਪੁਰ ਵਿੱਚ ਕਪੂਰਥਲਾ ਟੀਮ ਨੂੰ 8 ਵਿਕਟਾਂ ਨਾਲ ਹਰਾਇਆ : ਡਾ. ਰਮਨ ਘਈ

## ਧਰੁਵਿਕਾ ਸੇਠ, ਵੰਸ਼ਿਕਾ, ਸੁਰਭੀ ਨੇ ਹਰ ਦਿਨ 4, 3 ਅਤੇ 2 ਕਪੂਰਥਲਾ ਖਿਡਾਰੀਆਂ ਨੂੰ ਆਊਟ ਕੀਤਾ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਅੰਡਰ-19 ਮਹਿਲਾ ਅੰਤਰ-ਜ਼ਿਲ੍ਹਾ ਕ੍ਰਿਕਟ ਟੂਰਨਾਮੈਂਟ ਵਿੱਚ ਟੀਮ ਨੇ ਕੈਪਟਨ ਸੁਰਭੀ ਦੇ ਹਰਫ਼ਨਮੌਲਾ ਪ੍ਰਦਰਸ਼ਨ ਕਾਰਨ ਕਪੂਰਥਲਾ ਟੀਮ ਨੂੰ 8 ਵਿਕਟਾਂ ਨਾਲ ਹਰਾਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਰੋਪੜ ਵਿੱਚ ਖੇਡੇ ਗਏ 50-50 ਓਵਰਾਂ ਦੇ ਮੈਚ ਵਿੱਚ ਕਪੂਰਥਲਾ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਜੋ ਉਨ੍ਹਾਂ ਲਈ ਘਾਤਕ ਸਾਬਤ ਹੋਇਆ। ਹੁਸ਼ਿਆਰਪੁਰ ਟੀਮ ਦੀ ਸ਼ਾਨਦਾਰ ਗੇਂਦਬਾਜ਼ੀ ਕਾਰਨ ਪੂਰੀ ਕਪੂਰਥਲਾ ਟੀਮ 25.2 ਓਵਰਾਂ ਵਿੱਚ ਸਿਰਫ਼ 60 ਦੌੜਾਂ ਹੀ ਬਣਾ ਸਕੀ। ਜਿਸ ਵਿੱਚ ਸਿਰਫ਼ ਵੇਸ਼ਣਵੀ ਧੀਮਾਨ ਨੇ 12 ਦੌੜਾਂ ਬਣਾਈਆਂ, ਹੋਰ ਕੋਈ ਵੀ ਖਿਡਾਰੀ ਦੋਹਰੇ ਅੰਕੜੇ ਤੱਕ ਵੀ ਨਹੀਂ ਪਹੁੰਚ ਸਕਿਆ। ਹੁਸ਼ਿਆਰਪੁਰ ਲਈ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਧਰੁਵਿਕਾ ਸੇਠ ਨੇ 17 ਦੌੜਾਂ ਦੇ ਕੇ 4 ਵਿਕਟਾਂ, ਵੰਸ਼ਿਕਾ ਨੇ 14 ਦੌੜਾਂ ਦੇ ਕੇ 3 ਵਿਕਟਾਂ, ਕਪਤਾਨ ਸੁਰਭੀ ਨੇ 6 ਦੌੜਾਂ ਦੇ ਕੇ 2 ਵਿਕਟਾਂ ਅਤੇ ਅੰਨਯੀਆ ਠਾਕੁਰ ਨੇ 1 ਖਿਡਾਰੀ ਨੂੰ ਆਊਟ ਕੀਤਾ। ਜਿੱਤ ਲਈ 61 ਦੌੜਾਂ ਦੇ ਟੀਚੇ ਨਾਲ ਬੱਲੇਬਾਜ਼ੀ ਕਰਨ ਆਈ ਹੁਸ਼ਿਆਰਪੁਰ ਦੀ ਟੀਮ ਨੇ ਕੈਪਟਨ ਸੁਰਭੀ ਦੀਆਂ ਪਚਾਨਵੇਂ ਦੌੜਾਂ ਅਤੇ ਪ੍ਰਤੀਕਾ ਦੀਆਂ ਬਿਆਸੀ ਦੌੜਾਂ ਦੀ ਮਦਦ ਨਾਲ 15.3 ਓਵਰਾਂ ਵਿੱਚ 2 ਵਿਕਟਾਂ ਦੇ ਨੁਕਸਾਨ ’ਤੇ 61 ਦੌੜਾਂ ਬਣਾ ਕੇ 8 ਵਿਕਟਾਂ ਨਾਲ ਮੈਚ ਜਿੱਤ ਲਿਆ। ਹੁਸ਼ਿਆਰਪੁਰ ਦੀ ਜਿੱਤ ’ਤੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਡਾ. ਰਮਨ ਘਈ ਨੇ ਕਿਹਾ ਕਿ ਹੁਸ਼ਿਆਰਪੁਰ ਦੀ ਟੀਮ ਨੇ ਸਖ਼ਤ ਮਿਹਨਤ ਕੀਤੀ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਟੀਮ ਭਵਿੱਖ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਦੀ ਰਹੇਗੀ। ਹੁਸ਼ਿਆਰਪੁਰ ਟੀਮ ਦੀ ਇਸ ਵੱਡੀ ਜਿੱਤ ’ਤੇ ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ, ਚੇਅਰਮੈਨ ਟੂਰਨਾਮੈਂਟ ਕਮੇਟੀ ਡਾ. ਪੰਕਜ ਸ਼ਿਵ, ਸੰਯੁਕਤ ਸਕੱਤਰ ਵਿਵੇਕ ਸਾਹਨੀ ਅਤੇ ਸਾਰੇ ਐਸੋਸੀਏਸ਼ਨ ਅਧਿਕਾਰੀਆਂ ਨੇ ਟੀਮ ਨੂੰ ਵਧਾਈ ਦਿੱਤੀ। ਐਚਡੀਸੀਏ ਦੀ ਇਸ ਜਿੱਤ ’ਤੇ ਟੀਮ ਦੀ ਕੋਚ ਦਵਿੰਦਰ ਕੌਰ ਕਲਿਆਣ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਜਿਸ ਤਰ੍ਹਾਂ ਖਿਡਾਰੀਆਂ ਨੇ ਕਪੂਰਥਲਾ ਵਿਰੁੱਧ ਵਧੀਆ ਪ੍ਰਦਰਸ਼ਨ ਕੀਤਾ, ਉਨ੍ਹਾਂ ਨੇ ਖਿਡਾਰੀਆਂ ਨੂੰ ਖੇਡ ਦੀਆਂ ਬਾਰੀਕੀਆਂ ਸਮਝਾਈਆਂ ਤਾਂ ਜੋ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦਾ ਪ੍ਰਦਰਸ਼ਨ ਜਾਰੀ ਰੱਖ ਸਕਣ। ਜ਼ਿਲ੍ਹਾ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟ?ਰੇਨਰ ਕੁਲਦੀਪ ਧਾਮੀ, ਸਹਾਇਕ ਕੋਚ ਦਲਜੀਤ ਧੀਮਾਨ ਅਤੇ ਸਹਾਇਕ ਕੋਚ ਪੰਕਜ ਪਿੰਕਾ ਨੇ ਐਚਡੀਸੀਏ ਦੀ ਇਸ ਜਿੱਤ ’ਤੇ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਜ਼ਿਲ੍ਹਾ ਰੋਪੜ ਸਕੱਤਰ ਡਾ. ਸੰਦੀਪ ਬੁੱਧੀਰਾਜਾ ਤੋਂ ਇਲਾਵਾ ਪੀਸੀਏ ਚੋਣਕਾਰ ਗੁਰਦੀਪ ਮਿਨਹਾਸ, ਹੁਸ਼ਿਆਰਪੁਰ ਦੀ ਸੀਨੀਅਰ ਖਿਡਾਰੀ ਅੰਜਲੀ ਸ਼ੀਮਰ ਵੀ ਮੌਜੂਦ ਸਨ।




# ਧਰਮ ਪ੍ਰਚਾਰ ਕਮੇਟੀ ਦੇ ਮੁੱਖ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਦਾ ਆਸਟਰੇਲੀਆ ਦੇ ਵੱਖ ਵੱਖ ਗੁਰੂ ਘਰਾਂ ਵੱਲੋਂ ਸਨਮਾਨ

**ਫਤਿਆਬਾਦ/ ਹੀਰਾ ਸਿੰਘ ਸੇਠੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਧਰਮ ਪ੍ਰਚਾਰ ਵਿੰਗ ਦੇ ਮੁੱਖ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਜੋ ਕਿ ਇੰਨੀ ਦਿਨੀ ਆਸਟਰੇਲੀਆ ਵਿਖੇ ਧਰਮ ਪ੍ਰਚਾਰ ਦੇ ਦੌਰੇ ਤੇ ਹਨ ਨੂੰ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿੱਚ ਸਨਮਾਨਿਤ ਕੀਤਾ ਗਿਆ। ਭਾਈ ਸਰਬਜੀਤ ਸਿੰਘ ਢੋਟੀਆਂ ਜੋ ਕਿ ਗੁਰਦੁਆਰਾ ਸਾਹਿਬ ਗਲੈਨਵੁਡ ਸਿਡਨੀ ਤੇ ਦਲ ਬਾਬਾ ਬਿਧੀ ਚੰਦ ਖਾਲਸਾ ਛਾਉਣੀ ਪਲੰਮਟਨ ਦੇ ਵਿਸੇਸ ਸੱਦੇ ਤੇ ਆਸਟ?ਰੇਲੀਆ ਆਏ ਸਨ ਨੇ ਦੱਸਿਆ ਕੇ ਲਗਪਗ ਢਾਈ ਮਹੀਨੇ ਦੇ ਇਸ ਪ੍ਰਚਾਰ ਦੌਰੇ ਦੌਰਾਨ ਗੁਰਦੁਆਰਾ ਬਾਬਾ ਬਿਧੀ ਚੰਦ ਜੀ ਖਾਲਸਾ ਛਾਉਣੀ ਪਲੰਮਟਨ ਗੁਰਦੁਆਰਾ ਸਾਹਿਬ ਗਲੈਨਵੁਡ ਸਿਡਨੀ, ਗੁਰਦੁਆਰਾ ਸਾਹਿਬ ਰਿਵਸਬੀ, ਗੁਰਦੁਆਰਾ ਬਾਬਾ ਦੀਪ ਸਿੰਘ ਜੀ ਬਲੈਕਟਾਊਨ, ਗੁਰਦੁਆਰਾ ਸਾਹਿਬ ਗੋਸਫੋਰਡ ਅਤੇ ਐਂਡੀਲੇਡ ਦੇ ਗੁਰਦੁਆਰਾ ਸਾਹਿਬ ਵਰਜੀਨੀਆ ਗੁਰਦੁਆਰਾ ਸਾਹਿਬ ਪਲੰਟਨ ਗੁਰਦੁਆਰਾ ਦਲ ਬਾਬਾ ਬਿਧੀ ਚੰਦ ਜੀ ਖਾਲਸਾ ਛਾਉਣੀ ਐਡੀਲੇਡ ਗੁਰਦੁਆਰਾ ਗੁਰੂ ਨਾਨਕ ਦਰਬਾਰ ਐਲ ਬੀ ਗਾਰਡਨ ਗੁਰਦੁਆਰਾ ਸਾਹਿਬ ਮੌਡਬਰੀ ਗੁਰਦੁਆਰਾ ਸਾਹਿਬ ਬ੍ਰਿਸਬੇਨ ਅਤੇ ਗੁਰਦੁਆਰਾ ਗੁਰੂ ਨਾਨਕ ਸਤਸੰਗ ਸਭਾ ਬਲੈਕਬਰਨ ਗੁਰਦੁਆਰਾ ਸਾਹਿਬ ਹੋਪਰ ਕਰਾਓਸਿੰਗ ਗੁਰਦੁਆਰਾ ਗੁਰੂ ਨਾਨਕ ਦਰਬਾਰ ਆਫਿਸਰ ਗੁਰਦੁਆਰਾ ਸਾਹਿਬ ਕਰੇਗੀਬਰਨ ਗੁਰਦੁਆਰਾ ਮੀਰੀ ਪੀਰੀ ਸਾਹਿਬ ਗੁਰਦੁਆਰਾ ਦਸਮੇਸ ਦਰਬਾਰ ਟਾਰਨੇਟ ਅਤੇ ਖਾਲਸਾ ਕਾਲਜ ਜੀਲੋਂਗ ਵਿਖੇ ਭਾਈ ਸਰਬਜੀਤ ਸਿੰਘ ਢੋਟੀਆਂ ਵਲੋਂ ਕਥਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ ਹ। ਇਨਾਂ ਸਮਾਗਮਾਂ ਦੌਰਾਨ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਲਾਹਾ ਪ੍ਰਾਪਤ ਕੀਤਾ ਆਸਟਰੇਲੀਆ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਭਾਈ ਸਰਬਜੀਤ ਸਿੰਘ ਢੋਟੀਆਂ ਜੀ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਆਸਟਰੇਲੀਆ ਦੇ ਸਮੂਹ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।






# ਕੇ.ਵੀ.ਕੇ. ਮੋਹਾਲੀ ਦੁਆਰਾ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਜਾਗਰੂਕਤਾ ਕੈਂਪ



**ਮੋਹਾਲੀ / ਅਸ਼ੋਕ ਜੋਸ਼ੀ**

ਕੇ.ਵੀ.ਕੇ. ਮੋਹਾਲੀ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਐਸ.ਏ.ਐਸ. ਨਗਰ ਦੁਆਰਾ ਡਿਪਟੀ ਡਾਇਰੈਕਟਰ, ਡਾ. ਬਲਬੀਰ ਸਿੰਘ ਖੱਦਾ ਦੀ ਅਗਵਾਈ ਹੇਠ “ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ”ਦੇ ਤਹਿਤ ਅੱਜ ਪਿੰਡ ਦੇਹ ਕਲਾਂ, ਧੜਾਕ ਕਲਾਂ, ਝੰਜੇੜੀ, ਮੱਛਲੀ ਕਲਾਂ, ਚੜਿਆਲਾ ਅਤੇ ਭਰਤਪੁਰ ਵਿਖੇ ਜਾਗਰੂਕਤਾ ਕੈਂਪ ਲਗਾਏ। ਕੈਂਪ ਦੌਰਾਨ ਡਾ. ਪਾਰੁਲ ਗੁਪਤਾ, ਡਾ. ਹਰਮੀਤ ਕੌਰ, ਡਾ. ਮੁਨੀਸ਼ ਸ਼ਰਮਾ, ਡਾ. ਗੁਲਗੁਲ ਸਿੰਘ, ਡਾ. ਸੁਭਾਸ਼ ਚੰਦਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤੋਂ ਸ. ਸੁੱਚਾ ਸਿੰਘ ਨੇ ਕਿਸਾਨ ਵੀਰਾਂ, ਭੈਣਾਂ ਅਤੇ ਨੌਜਵਾਨਾਂ ਨੂੰ ਸਾਉਣੀ ਰੁੱਤ ਵਿੱਚ ਬੀਜੀਆਂ ਜਾਣ ਵਾਲੀਆਂ ਫ਼ਸਲਾਂ, ਪੌਦ ਸੁਰੱਖਿਆ, ਪਸ਼ੂ ਪਾਲਣ, ਬੱਕਰੀ ਪਾਲਣ, ਮੱਛੀ ਪਾਲਣ ਅਤੇ ਸਹਾਇਕ ਧੰਦਿਆਂ ਸੰਬੰਧੀ ਭਾਰਤ ਅਤੇ ਪੰਜਾਬ ਸਰਕਾਰ ਦੀਆਂ ਸਕੀਮਾਂ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਗਰੀਨ ਅਫੇਅਰ ਸਸਟੇਨੇਬਲ ਸੋਲਿਊਸ਼ਨ, ਆਈਸਰ ਮੋਹਾਲੀ ਤੋਂ ਕੋਮਲ ਜੈਸਵਾਲ ਦੁਆਰਾ ਮੋਬਾਇਲ ਮਿੱਟੀ ਜਾਂਚ ਵੈਨ ਵੀ ਪਿੰਡ ਵਿੱਚ ਲਿਆਂਦੀ ਗਈ ਅਤੇ ਮਿੱਟੀ ਦੀ ਪਰਖ ਕੀਤੀ ਗਈ।

# ਇੱਕ ਹ.ਫਤੇ ਦੇ ਵਿਚ ਪਰਚੀ ਦੇ ਵਧਾਏ ਰੇਟ ਘੱਟ ਨਾ ਕੀਤੇ ਤਾਂ ਬਸਪਾ ਕਰੇਗੀ ਵੱਡਾ ਅੰਦੋਲਨ : ਠੇਕੇਦਾਰ ਭਗਵਾਨ ਦਾਸ

## ਤਿੰਨ ਸਾਲ ਤੋਂ ਗਰੀਬਾਂ ਨੂੰ ਮਿਲਣ ਵਾਲੀ ਕਣਕ ਪੰਜਾਬ ਸਰਕਾਰ ਨੇ ਕੀਤੀ ਬੰਦ

**ਹੁਸ਼ਿਆਰਪੁਰ / ਤਰਸੇਮ ਦੀਵਾਨਾ**

ਅੱਜ ਬਸਪਾ ਵੱਲੋਂ ਸੰਕੇਤਕ ਤੌਰ ਤੇ ਜਲੰਧਰ ਰੋਡ ਤੇ ਰੋਸ ਮੁਜਾਹਰਾ ਕੀਤਾ ਗਿਆ।ਇਸ ਮੌਕੇ ਤੇ ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਬਸਪਾ ਪੰਜਾਬ ,ਦਿਨੇਸ਼ ਕੁਮਾਰ ਸੀਨੀਅਰ ਆਗੂ ਬਸਪਾ , ਮਦਨ ਸਿੰਘ ਬੈਂਸ ਜ਼ਿਲਾ ਇੰਚਾਰਜ ਹੁਸ਼ਿਆਰਪੁਰ, ਸੁਰਜੀਤ ਮਹਿਮੀ ਪ੍ਰਧਾਨ ਵਿਧਾਨ ਸਭਾ ਹੁਸ਼ਿਆਰਪੁਰ, ਬੀਬੀ ਕ੍ਰਿਸ਼ਨ, ਬੀਬੀ ਮਹਿੰਦਰ ਕੌਰ, ਬੀਬੀ ਰੇਨੂੰ ਲੱਦੜ ਇੰਚਾਰਜ ਮਹਿਲਾ ਵਿੰਗ ਜ਼ਿਲਾ ਹੁਸ਼ਿਆਰਪੁਰ, ਗਗਨਦੀਪ ਕੌਰ ਸ਼ਹਿਰੀ ਪ੍ਰਧਾਨ ਮਹਿਲਾ ਵਿੰਗ,ਆਦਿ ਆਗੂ ਹਾਜਰ ਸਨ। ਰੋਸ ਮੁਜਾਹਰੇ ਨੂੰ ਸੰਬੋਧਨ ਕਰਦੇ ਹੋਏ ਠੇਕੇਦਾਰ ਭਗਵਾਨ ਦਾਸ ਸਿੱਧੂ ਨੇ ਕਿਹਾ ਕਿ ਸਬਜ਼ੀ ਮੰਡੀ ਦੇ ਠੇਕੇਦਾਰ ਵਲੋਂ ਆਏ ਦਿਨ ਆਪਣੀ ਮਰਜੀ ਕੀਤੀ ਜਾ ਰਹੀ ਹੈ ।ਪਿਛਲੇ ਦਿਨਾਂ ਵਿਚ ਉਨਾਂ ਨੇ ਜੋ ਮੰਡੀ ਵਿੱਚ ਵਹੀਕਲਜ਼ ਤੇ ਆ ਰਹੇ ਹਨ ਉਨਾਂ ਦੇ ਪਰਚੀ ਦੇ ਰੇਟ ਡਬਲ ਕਰ ਦਿੱਤੇ ਹਨ , ਜਿਸ ਨਾਲ ਆਮ ਜਨਤਾ ਤੇ ਬਹੁਤ ਵੱਡਾ ਬੋਝ ਪਿਆ ਹੈ। ਕਈ ਲੋਕ ਤਾ ਮੰਡੀ ਵਿਚ 100-200 ਰੁਪਏ ਦੀ ਸਬਜ਼ੀ ਖਰੀਦਣ ਜਾਂਦੇ ਹਨ, ਉਨਾਂ ਨੂੰ ਠੇਕੇਦਾਰਾਂ ਵਲੋਂ 100 ਰੁਪਏ ਦੀ ਪਰਚੀ ਕਟਵਾਉਣ ਨੂੰ ਕਿਹਾ ਜਾਂਦਾ ਹੈ। ਜਿਸ ਨਾਲ ਰੋਜ ਰੋਜ ਲੜਾਈ ਝਗੜੇ ਦਾ ਮਾਹੌਲ ਬਣਿਆ ਰਹਿੰਦਾ ਹੈ ।ਉਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਆਮ ਲੋਕ ਜਿੱਥੇ ਕੰਮ ਕਾਰ ਕਰਵਾਉਣ ਜਾਂਦੇ ਹਨ ਜਾ ਖਰੀਦਦਾਰੀ ਕਰਦੇ ਹਨ ਉਥੇ ਬਿਲਕੁਲ ਵੀ ਇਸ ਤਰ੍ਹਾਂ ਦੀ ਪਰਚੀ ਦਾ ਟੈਕਸ ਨਾ ਲਗਾਇਆ ਜਾਵੇ, ਇਸਨੂੰ ਫ?ਰੀ ਕਰ ਦੇਣਾ ਚਾਹੀਦਾ ਹੈ ਠੇਕੇਦਾਰਾਂ ਦੀ ਹਦ ਤਾਂ ਉਦੋਂ ਹੋ ਗਈ ਜਦੋਂ ਉਨਾਂ ਨੇ ਸਾਈਕਲਾਂ ਦੇ 10 ਰੁਪਏ ਤੋਂ 20 ਰੁਪਏ ਕਰ ਦਿੱਤੇ । ਠੇਕੇਦਾਰਾਂ ਨੇ ਹਰ ਵਹੀਕਲ ਦੀ ਪਰਚੀ ਘੱਟੋ ਘੱਟ 40 ਰੁਪਏ ਵਧਾ ਦਿੱਤੀ ਹੈ।ਬਸਪਾ ਆਗੂਆਂ ਨੇ ਜਿਲਾ ਪ੍ਰਸ਼ਾਸ਼ਨ ਨੂੰ ਚਿਤਾਵਨੀ ਦਿੱਤੀ ਜੇ ਇੱਕ ਹ.ਫਤੇ ਦੇ ਵਿਚ ਵਿਚ ਪਰਚੀ ਦੇ ਰੇਟ ਨਾ ਘਟਾਏ ਗਏ ਤਾਂ ਬਸਪਾ ਵੱਡਾ ਅੰਦੋਲਨ ਕਰਨ ਲਈ ਮਜਬੂਰ ਹੋਵੇਗੀ॥ ਇਸ ਮੌਕੇ ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਸਟੇਜ ਤੇ ਤਾਂ ਗਰੀਬਾਂ ਲਈ ਬਹੁਤ ਵੱਡੇ ਵੱਡੇ ਵਾਅਦੇ ਕਰਦੀ ਹੈ ਪਰ ਪਿਛਲੇ ਸਰਕਾਰਾ ਵੇਲੇ ਜਿਹੜੀ ਗਰੀਬਾਂ ਨੂੰ ਕਣਕ ਮਿਲਦੀ ਸੀ ਉਹ ਤਿੰਨ ਸਾਲਾਂ ਤੋਂ ਬੰਦ ਕੀਤੀ ਹੋਈ ਹੈ। ਇਸ ਨੂੰ ਤੁਰੰਤ ਚਾਲੂ ਕੀਤਾ ਜਾਵੇ। ਤੇ ਉਨਾਂ ਨੇ ਅੱਗੇ ਕਿਹਾ ਕਿ ਸ਼ਹਿਰ ਅੰਦਰ ਵੱਡੇ ਪੱਧਰ ਤੇ ਖਾਣ ਵਾਲੀਆ ਚੀਜਾਂ ▾ਚ ਮਿਲਾਵਟ ਹੋ ਰਹੀ ਹੈ, ਇਸਨੂੰ ਰੋਕਿਆ ਜਾਵੇ। ਪੰਜਾਬ ਸਰਕਾਰ ਦੇ ਵਾਅਦੇ ਸਟੇਜ ਤਕ ਹੀ ਹਨ ਹਕੀਕਤ ਵਿਚ ਕੋਈ ਕੰਮ ਨਹੀਂ ਹੋ ਰਿਹਾ। ਇਸ ਮੌਕੇ ਤੇ ਰਮੇਸ਼ ਕੁਮਾਰ ਪਟਵਾਰੀ ਕੈਸ਼ੀਅਰ ਬਸਪਾ ਹੁਸ਼ਿਆਰਪੁਰ, ਮੀਡੀਆ ਇੰਚਾਰਜ ਵਿਜੈ ਖਾਨਪੁਰੀ , ਬਿੱਲਾ ਰਹੀਮਪੁਰ, ਗੁਰਸ਼ਾਨ ਰਾਇਲ ਸ਼ਹਿਰੀ ਪ੍ਰਧਾਨ ਵੀ.ਵੀ.ਐੱਫ , ਓਂਕਾਰ ਨਲੋਈਆਂ, ਦਰਸ਼ਨ ਪੱਟੀ ਰਹੀਮਪੁਰ, ਸੁਰਜੀਤ ਮਾਹੀ, ਅਵਤਾਰ ਨਲੋਈਆਂ, ਰੰਧਾਵਾ ਸਿੰਘ, ਸਤੀਸ਼ ਪਾਲ, ਪਰਦੀਪ ਕੁਮਾਰ, ਮਨੀਸ਼ ਪ੍ਰੇਮਗੜ, ਦੀਪੂ ਬੁਲਾਂਵਾੜੀ, ਮਨਜੀਤ ਸੁਭਾਸ਼ ਨਗਰ, ਸੋਨੀ ਬਲਬੀਰ ਕਾਲੋਨੀ , ਕਾਲਾ ਨੀਲਕੰਠ , ਓਂਕਾਰ ਚੁੰਬਰ , ਸ਼ਮੀ ਰੂਪਨਗਰ ਆਦਿ ਹਾਜਰ ਸਨ। ਅੰਤ ਦੇ ਵਿਚ ਡੀ.ਸੀ. ਹੁਸ਼ਿਆਰਪੁਰ ਦੇ ਨਾਂ ਐੱਸ.ਐੱਚ.ਓ ਮਾਡਲ ਟਾਊਨ ਨੂੰ ਮੰਗ ਪੱਤਰ ਦਿੱਤਾ ਗਿਆ।



# ਗਾਇਕ ਅਮਨ ਹੈਪੀ ਦੇ ਨਵੇਂ ਟਰੈਕ “ਕਾਲਾ ਟਿੱਕਾ" ਨੂੰ ਹਰ ਵਰਗ ਵੱਲੋ ਭਰਵਾ ਹੁੰਗਾਰਾ : ਮਨੋਹਰ ਧਾਰੀਵਾਲ

**ਜਲੰਧਰ /ਸੁਖੀਜਾ**

ਪੰਜਾਬੀ ਸੰਗੀਤ ਇੰਡਸਟਰੀ ਵਿੱਚ ਪਿਛਲੇ ਲੰਬੇ ਸਮੇਂ ਤੋਂ ਸਾਫ ਸੁੱਥਰੀ ਗਾਇਕੀ ਨਾਲ ਹਿੱਟ ਟਰੈਕ ਚੰਗੇ ਦਿਨ , ਜਾਲ ਜੁਲਫਾਂ ਦੇ ਨਾਲ ਪ੍ਰਸਿੱਧੀ ਖੱਟਣ ਵਾਲੇ ਸੁਰੀਲੇ ਗਾਇਕ ਅਮਨ ਹੈਪੀ ਦਾ ਨਵਾ ਟਰੈਕ ਕਾਲਾ ਟਿੱਕਾ ਹਰ ਵਰਗ ਵੱਲੋ ਪਸੰਦ ਕੀਤਾ ਜਾ ਰਿਹਾ ਹੈ।ਇਸ ਟਰੈਕ ਦੇ ਗੀਤਕਾਰ ਪਵਨ ਗਰੋਟੀਆਂ,ਮਿਊਜਕ ਡਾਇਰੈਕਟਰ ਹਰੀ ਅਮਿਤ,ਲੇਬਲ ਦਿਲਰੁਬਾ ਰਿਕਾਰਡਸ ਕੰਪਨੀ ਦਾ ਹੈ।ਇਹ ਟਰੈਕ ਸੋਸ਼ਲ ਸਾਈਟਾਂ ਯੂ ਟਿਊਬ ਤੇ ਵਰਲਡ ਵਾਈਡ ਰਿਲੀਜ਼ ਕੀਤਾ ਗਿਆ ਹੈ ਅਤੇ ਇਸ ਟਰੈਕ ਨੂੰ ਹਰ ਵਰਗ ਵੱਲੋ ਭਰਵਾ ਹੁੰਗਾਰਾ ਮਿਲ ਰਿਹਾ ਹੈ।ਇਸ ਟਰੈਕ ਦੇ ਰਿਲੀਜ਼ ਸਮਾਰੋਹ ਸਮੇਂ ਪ੍ਰਸਿੱਧ ਗੀਤਕਾਰ ਜਨਾਬ ਮਦਨ ਜਲੰਧਰੀ,ਕਲਾਕਾਰਾਂ ਦੇ ਹਮਦਰਦ ਸੁਰਜੀਤ ਸਿੰਘ ਨਾਰੰਗਪੁਰ ,ਜਗਦੀਸ਼ ਡਾਲੀਆਂ,ਪਵਨ ਗਰੋਟੀਆਂ, ਵੀਡਿਉ ਡਾਇਰੈਕਟਰ ਵਿਪਨ,ਗਾਇਕ ਅਦਾਕਾਰ ਪ੍ਰੋਡਿਊਸਰ ਮਨੋਹਰ ਧਾਰੀਵਾਲ,ਪ੍ਰਮੋਟਰ ਸੰਨੀ ਸਹੋਤਾ,ਸਮਾਜ ਸੇਵਕ ਸੰਤੋਖ ਸੰਧੂ,ਗੋਬਿੰਦ ਸੁਖੀਜਾ ਸਮੇਤ ਪ੍ਰਮੁੱਖ ਸਖ਼ਸੀਅਤਾਂ ਹਾਜਿਰ ਸਨ।






# 4 ਹਾੜ ਦਿਵਸ ਨੂੰ ਸਮਰਪਿਤ ਕੈਨੇਡਾ ਦੀਆਂ ਸੰਗਤਾਂ ਵਲੋਂ ਧਾਰਮਿਕ ਸਮਾਗਮ 14 ਨੂੰ

## ਚੂਰੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ- ਵਿਨੋਦ ਚੋਹਲਾ

**ਚੋਹਲਾ ਸਾਹਿਬ/ਤਰਨਤਾਰਨ - ਰਾਕੇਸ਼ ਨਈਅਰ**

ਪੰਜਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਵਲੋਂ ਚੋਹਲਾ ਸਾਹਿਬ ਨਗਰ ਨੂੰ ਵਸਾਉਣ ਦੀ ਖੁਸ਼ੀ ਵਿੱਚ 4 ਹਾੜ ਦਿਵਸ ਨੂੰ ਸਮਰਪਿਤ ਜਿਥੇ ਇਲਾਕੇ ਦੀਆਂ ਸੰਗਤਾਂ ਵੱਲੋਂ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ,ਉਥੇ ਐਨ.ਆਰ.ਆਈ ਵੀਰਾਂ ਵਲੋਂ ਵੀ ਇਸ ਦਿਹਾੜੇ ਨੂੰ ਬਰੈਂਪਟਨ (ਕੈਨੇਡਾ) ਵਿੱਚ ਬੜੇ ਹੀ ਉਤਸ਼ਾਹ ਅਤੇ ਸ਼ਰਧਾ ਨਾਲ



ਮਨਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਰੈਂਪਟਨ (ਕੈਨੇਡਾ) ਵਾਸੀ ਸਮਾਜਸੇਵੀ ਅਤੇ ਐਨ.ਆਰ.ਆਈ ਯੂਨਿਟ ਦੇ ਪ੍ਰਧਾਨ ਵਿਨੋਦ ਚੋਹਲਾ ਨੇ ਦੱਸਿਆ ਕਿ 14 ਜੂਨ ਨੂੰ ਬਰੈਂਪਟਨ (ਕੈਨੇਡਾ) ਦੇ ਖਾਲਸਾ ਗੁਰਮਤਿ ਅਕੈਡਮੀ ਵਿਖੇ ਸਵੇਰੇ 11.30 ਵਜੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕਥਾ ਅਤੇ ਕੀਰਤਨ ਦਰਬਾਰ ਸੱਜੇਗਾ।ਇਸ ਉਪਰੰਤ ਗਤਕਾ ਮੁਕਾਬਲੇ ਵੀ ਕਰਵਾਏ ਜਾਣਗੇ।ਇਸ ਦੌਰਾਨ ਚੂਰੀ ਦੇ ਪ੍ਰਸਾਦ ਅਤੇ ਲੰਗਰ ਦੇ ਅਤੁੱਟ ਭੰਡਾਰੇ ਵਰਤਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਧਾਰਮਿਕ ਸਮਾਗਮ ਵਿੱਚ ਨਵਤੇਜ ਸਿੰਘ ਚੋਹਲਾ,ਹਰਸ਼ ਚੋਹਲਾ,ਮਨਪ੍ਰੀਤ ਸਿੰਘ ਜੱਜ,ਸਰਬਜੀਤ ਸਿੰਘ ਢਿਲੋਂ,ਸੇਠੀ ਧੁੰਨ,ਸੁਰਿੰਦਰ ਸਿੰਘ ਬੱਬੂ,ਦਿਲਦਾਰ ਸਿੰਘ ਧੁੰਨ,ਕਮਲਦੀਪ ਸਿੰਘ ਬੇਦੀ ਸਮੇਤ ਐਨ.ਆਰ.ਆਈ ਵੀਰਾਂ ਵਲੋਂ ਖਾਸ ਸੇਵਾ ਨਿਭਾਈ ਜਾਵੇਗੀ।

# ਸ਼ਹਿਰ ਦੇ ਪਹਿਲੇ ਨਾਗਰਿਕ, ਮੇਅਰ ਨੂੰ ਸਤਿਕਾਰ ਨਾ ਦੇ ਕੇ ਸੰਵਿਧਾਨ ਦਾ ਅਪਮਾਨ ਕੀਤਾ ਗਿਆ : ਤਲਵਾੜ

## ਪੰਜਾਬ ਵਿੱਚ ਸਵਾਰਥੀ ਲੋਕਾਂ ਦੀ ਸਰਕਾਰ ਚੱਲ ਰਹੀ ਹੈ

**ਹੁਸ਼ਿਆਰਪੁਰ - (ਤਰਸੇਮ ਦੀਵਾਨਾ)** ਭਾਰਤੀ ਸੰਵਿਧਾਨ ਵਿੱਚ, ਦੇਸ਼ ਦੇ ਪਹਿਲੇ ਨਾਗਰਿਕ ਦਾ ਖਿਤਾਬ ਮਾਣਯੋਗ ਰਾਸ਼ਟਰਪਤੀ ਨੂੰ ਦਿੱਤਾ ਗਿਆ ਹੈ ਅਤੇ ਇਸੇ ਤਰ੍ਹਾਂ, ਕਿਸੇ ਵੀ ਸ਼ਹਿਰ ਦੇ ਮੇਅਰ ਜਾਂ ਨਗਰਪਾਲਿਕਾ ਦੇ ਮੁਖੀ ਨੂੰ ਪਹਿਲੇ ਨਾਗਰਿਕ ਦਾ ਖਿਤਾਬ ਦਿੱਤਾ ਗਿਆ ਹੈ ਅਤੇ ਜਦੋਂ ਵੀ ਕੋਈ ਸਰਕਾਰੀ ਪ੍ਰੋਗਰਾਮ ਹੁੰਦਾ ਹੈ, ਤਾਂ ਪ੍ਰੋਟੋਕੋਲ ਅਨੁਸਾਰ, ਜੇਕਰ ਮਾਣਯੋਗ ਰਾਸ਼ਟਰਪਤੀ ਵੀ ਸ਼ਹਿਰ ਵਿੱਚ ਆਏ ਹਨ, ਤਾਂ ਮੇਅਰ ਦੀ ਕੁਰਸੀ ਉਨ੍ਹਾਂ ਦੇ ਨਾਲ ਲਗਾਈ ਜਾਂਦੀ ਹੈ, ਪਰ ਹਾਲ ਹੀ ਵਿੱਚ, ਮਾਣਯੋਗ ਰਾਜਪਾਲ ਦੇ ਹੁਸ਼ਿਆਰਪੁਰ ਵਿੱਚ ਆਉਣ 'ਤੇ, ਮੌਜੂਦਾ ਵਿਧਾਇਕ ਦੀ ਮੌਜੂਦਗੀ ਵਿੱਚ, ਜਿਸ ਤਰ੍ਹਾਂ ਸ਼ਹਿਰ ਦੇ ਪਹਿਲੇ ਨਾਗਰਿਕ, ਨਗਰ ਨਿਗਮ ਦੇ ਮੇਅਰ ਸੁਰੇਂਦਰ ਕੁਮਾਰ ਨੂੰ ਕੁਰਸੀ ਨਾ ਦੇ ਕੇ ਪਿੱਛੇ ਖੜ੍ਹੇ ਹੋਣ ਲਈ ਮਜਬੂਰ ਕੀਤਾ ਗਿਆ, ਉਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ



ਵਿੱਚ ਸਵਾਰਥੀ ਲੋਕਾਂ ਦੀ ਸਰਕਾਰ ਚੱਲ ਰਹੀ ਹੈ। ਤਲਵਾੜ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਸਾਰੇ ਪ੍ਰੋਟੋਕੋਲ ਨੂੰ ਦੇਖਣ ਦੀ ਜ਼ਿੰਮੇਵਾਰੀ ਵਿਸ਼ੇਸ਼ ਪ੍ਰਸ਼ਾਸਨਿਕ ਅਧਿਕਾਰੀਆ ਦੀ ਹੁੰਦੀ ਹੈ ਅਤੇ ਉਨ੍ਹਾਂ ਨੇ ਵੀ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਜ਼ਿਲ੍ਹਾ ਮੈਜਿਸਟਰੇਟ ਖੁਦ ਇਸ ਪ੍ਰੋਗਰਾਮ ਵਿੱਚ ਕੁਰਸੀ 'ਤੇ ਬੈਠੇ ਸਨ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸੱਤਾ ਵਿੱਚ ਬੈਠੇ ਆਗੂਆਂ ਵੱਲੋਂ ਆਪਣੇ ਵਿਰੋਧੀਆਂ ਦਾ ਅਪਮਾਨ ਕਰਨ ਦੀਆਂ ਘਟਨਾਵਾਂ ਪਹਿਲਾਂ ਹੀ ਆਮ ਦੇਖਣ ਨੂੰ ਮਿਲੀਆਂ ਹਨ ਪਰ ਹੁਣ ਜਿਸ ਤਰ੍ਹਾਂ ਉਨ੍ਹਾਂ ਦੀ ਆਪਣੀ ਪਾਰਟੀ ਦੇ ਇੱਕ ਸੰਵਿਧਾਨਕ ਅਹੁਦੇ ਤੇ ਬੈਠੇ ਮੇਅਰ ਦਾ ਅਪਮਾਨ ਕੀਤਾ ਹੈ, ਉਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਪੰਜਾਬ ਦੀ ਵਾਗਡੋਰ ਸੌਂਪੀ ਸੀ, ਉਹ ਇਸ ਦੇ ਲਾਇਕ ਨਹੀਂ ਸਨ। ਤਲਵਾੜ ਨੇ ਕਿਹਾ ਕਿ ਉਨ੍ਹਾਂ ਨੇ ਇਹ ਸਾਰੀ ਘਟਨਾ ਇੱਕ ਪੱਤਰ ਰਾਹੀਂ ਮਾਣਯੋਗ ਰਾਜਪਾਲ ਦੇ ਧਿਆਨ ਵਿੱਚ ਵੀ ਲਿਆਂਦੀ ਹੈ ਅਤੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਉਹਨਾ ਦਾ ਬਣਦਾ ਮਾਨ ਸਨਮਾਨ ਦਿੱਤਾ ਜਾਵੇ ਜਿਸ ਦੇ ਉਹ ਹੱਕਦਾਰ ਹਨ।

# ਰੁਪਾਲੋਂ ਲਾਗੇ ਸੂਏ ਚ ਪਾਡ ਪੈਣ ਨਾਲ ਕਈ ਏਕੜ ਮੱਕੀ ਦੀ ਫਸਲ ਚ ਭਰਿਆ ਪਾਣੀ

## ਠੇਕੇਦਾਰ ਵੱਲੋਂ ਸੂਏ ਫੀ ਉਸਾਰੀ ਲਈ ਵਰਤੇ ਗਏ ਘਟੀਆ ਮਟੀਰੀਅਲ ਦਾ ਨਤੀਜਾ- ਪ੍ਰਗਟ ਪਨੇਚ

**ਦੋਰਾਹਾ/ਬੀਜਾਂ, ਲਾਲ ਸਿੰਘ ਮਾਂਗਟ**

ਕਿਸਾਨੀ ਮੁਦਿਆਂ ਤੇ ਕਿਸਾਨਾਂ ਦੀ ਖੈਰ ਖੁਆ ਸਮਝਣ ਵਾਲੀ ਕਿਸਾਨ ਯੂਨੀਅਨ ਰਾਜੇਵਾਲ ਜਿਸ ਦੇ ਸੁਪਰੀਮੋ ਬਲਬੀਰ ਸਿੰਘ ਰਾਜੇਵਾਲ ਸਾਹਿਬ, ਵਿਧਾਨ ਸਭਾ ਚੋਣਾਂ ਵਿੱਚ ਬੁਰੀ ਤਰਾ ਹਾਰ ਚੁੱਕੇ ਹਨ। ਇਸ ਹਾਰ ਦਾ ਗੁੱਸਾ ਰਾਜੇਵਾਲ ਦੇ ਵਰਕਰ ਪੰਜਾਬ ਸਰਕਾਰ ਦੇ ਕੰਮਾਂ ਵਿੱਚ ਨੁਕਸ ਕੱਢ ਕੇ ਕੱਢਣਾ ਚਾਹੁੰਦੇ ਹਨ। ਕਿਸਾਨੀ ਮੁਦਿਆਂ ਤੇ ਬੂਰੀਂ ਤਰਾਂ ਫੇਲ ਹੋ ਚੁਕੀ ਯੂਨੀਅਨ ਹੁਣ ਕੋਈ ਨਾ ਕੋਈ ਮੁੰਦਾ ਚੁੱਕ ਕੇ ਹੀਰੋ ਬਣਨ ਦੀ ਤਕ ਵਿੱਚ ਹੈ। ਇੱਕ ਅਜਿਹੀ ਘਟਨਾ ਜੋ ਪਿੰਡ ਰੁਪਾਲੋਂ ਲਾਗੇ ਸੂਏ ਚ ਅਚਾਨਕ ਪਾਡ ਪੈਣ ਨਾਲ ਵਾਪਰੀ ਨੂੰ

ਠੇਕੇਦਾਰ ਵੱਲੋਂ ਵਰਤੇ ਗਏ ਘਟੀਆ ਮਟੀਰੀਅਲ ਨਾਲ ਜੋੜ ਦਿੱਤਾ ਗਿਆ। ਇਸ ਘਟਨਾ ਨੂੰ ਹਊਆਂ ਬਣਾ ਕੇ ਪੇਸ ਕਰਦਿਆ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਗਟ ਸਿੰਘ ਕੋਟ ਪਨੈਚ ਨੇ ਦੋਸ਼ ਲਾਇਆ ਹੈ ਕਿ ਸਮਰਾਲਾ ਲਾਗੇ ਗਹਿਲੇਵਾਲ ਤੋਂ ਵਾਇਆ ਰੁਪਾਲੋਂ ਅੱਗੇ ਮਾਜਰੀ ਦੇ ਖੇਤਾਂ ਨੂੰ ਜਾਂਦੇ ਸੂਏ ਨੂੰ ਪੱਕਾ ਕਰਨ ਉਪਰੰਤ ਪਹਿਲੇ ਦਿਨ ਪਾਣੀ ਛੱਡਿਆ ਗਿਆ ਤਾਂ ਸਾਗਰ ਸਿੰਘ ਨਾਂ ਦੇ ਕਿਸਾਨ ਜਿਸ ਨੇ ਬਾਹਰਲੇ ਪਿੰਡੋਂ ਆਕੇ ਰੁਪਾਲੋਂ ਪਿੰਡ ਦੀ ਠੇਕੇ ਤੇ ਜ਼ਮੀਨ ਲੈਕੇ ਮੱਕੀ ਦੀ ਫਸਲ ਬੀਜੀ ਹੋਈ ਸੀ, ਫ਼ਸਲ ਕਟਾਈ ਲਈ ਤਿਆਰ ਸੀ ਤਾਂ ਅਚਾਨਕ ਸੂਆ ਟੁੱਟਣ ਕਰਕੇ ਕਈ ਏਕੜ ਮੱਕੀ ਦੀ ਫ਼ਸਲ ਚ ਜਲ ਥਲ ਹੋ ਗਿਆ ਜਿਸ ਨੂੰ ਕਟਾਈ ਕਰਨ ਲਈ ਕੰਬਾਈਨ ਆ ਰਹੀ ਦੱਸੀ





ਜਾਂ ਰਹੀ ਹੈ।ਕਿਸਾਨ ਦਾ ਕਿੰਨਾ ਨੁਕਸਾਨ ਹੋਇਆ ਬਾਰੇ ਯੂਨੀਅਨ ਆਗੂ ਚੁੱਪ ਹਨ, ਨਾ ਹੀ ਸਰਕਾਰ ਤੋ ਮੁਆਵਜੇ ਦੀ ਹੱਲ ਕਹੀ ਗਈ ਹੈ। ਚੇਤੇ ਰਹੇ ਕਿ ਬੀਤੇ ਲੰਮੇਂ ਸਮੇਂ ਤੋਂ ਸੂਆ ਪੱਕਾ ਕਰਨ ਦਾ ਕੰਮ ਚੱਲ ਰਿਹਾ ਸੀ,ਬੀਤੀ ਰਾਤ ਜਿਉਂ ਹੀ ਪਾਣੀ ਸੂਏ ਵਿੱਚ ਛੱਡਿਆ ਗਿਆ ਤਾਂ ਸੂਏ ਚ ਪਾਡ? ਪੈ ਗਿਆ। ਪਾਡ? ਪੈਣ ਦਾ ਕਾਰਨ ਸੂਏ ਦੀ ਉਸਾਰੀਂ ਵਿੱਚ ਵਰਤੇ ਗਏ ਘਟੀਆ ਸਮਾਨ ਦਾ ਨਤੀਜਾ ਹੈ। ਇਸ ਤੋਂ ਇਲਾਵਾ ਸੂਏ ਦੇ ਆਲੇ ਦੁਆਲੇ ਘਾਹ ਫੂਸ ਦੱਬਕੇ ਮਿੱਟੀ ਪਾਕੇ ਕੰਮ ਵਧੀਆ ਢੰਗ ਨਾਲ ਨਾ ਕਰਨ ਕਰਕੇ ਸਮਝਿਆ ਜਾਂਦਾ ਹੈ। ਇਸ ਮੌਕੇ ਤੇ ਆਲੇ ਦੁਆਲੇ ਦੇ ਖੇਤਾਂ ਵਾਲ? ਕਿਸਾਨ ਵੀ ਮੌਜੂਦ ਸਨ, ਜਿੰਨ੍ਹਾਂ ਚੋ ਬਹੁਤਿਆਂ ਦਾ ਕਹਿਣਾ ਹੈ ਕਿ ਸਰਕਾਰਾਂ ਜਿੰਨ੍ਹੇ ਪੈਸੇ ਹਵਾਈ ਗੱਲਾਂ ਕਰਨ ਤੇ ਖਰਚ ਕਰ ਰਹੀਆਂ ਨੇ ਜੇਕਰ ਸਹੀ ਢੰਗ ਨਾਲ ਸੂਆ ਪੱਕਾ ਕਰਨ ਲਈ ਵਧੀਆ ਢੰਗ ਨਾਲ? ਕੰਮ ਕੀਤਾ ਹੁੰਦਾ ਤਾਂ ਅੱਜ ਆਹ ਦਿਨ ਨਾ ਦੇਖਣੇ ਪੈਂਦੇ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਜ਼ੋਰ ਦੇ ਕੇ ਆਖਿਆ ਕਿ ਤੁਰੰਤ ਸੂਏ ਦੀ ਮੁਰੰਮਤ ਕਰਕੇ ਝੋਨੇ ਦੀ ਬਿਜਾਈ ਨੂੰ ਪ੍ਰਭਾਵਿਤ ਹੋਣ ਤੋਂ ਬਚਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਘਟੀਆ ਸਮਾਨ ਵਰਤਣ ਵਾਲੇ ਜ਼ਿੰਮੇਵਾਰ ਲੋਕਾਂ ਤੇ ਸਖ਼ਤ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਮਜਬੂਰਨ ਅਗਲੇ ਕਦਮ ਚੁੱਕਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੁਖਚੈਨ ਸਿੰਘ ਜਗਦੀਪ ਸਿੰਘ ਸਾਗਰ ਸਿੰਘ ਗੁਰਪ੍ਰਤਾਪ ਸਿੰਘ ਪਰਮਵੀਰ ਸਿੰਘ ਪਰਮਵੀਰ ਸਿੰਘ ਸਤਿੰਦਰ ਸਿੰਘ ਚਮਕੌਰ ਸਿੰਘ ਮਨਜਿੰਦਰ ਸਿੰਘ ਵੀ ਮੌਜੂਦ ਸਨ।

# ਹਾ ਹਾ ਬੀ ਹੈਪੀ ਗੱਪ ਫਿਰੋਜ਼ਪੁਰ ਤੇ ਫਿਰੋਜ਼ਪੁਰ ਜਿਲਾ ਯੋਗਾ ਐਸੋਸੀਏਸ਼ਨ ਮਨਾਏਗਾ ਵਿਸ਼ਵ ਯੋਗਾ ਦਿਵਸ—ਡਾ: ਸੁਰਿੰਦਰ ਸਿੰਘ ਕਪੂਰ

**ਫਿਰੋਜ਼ਪੁਰ/ਮਨੋਹਰ ਲਾਲ**

ਮੈਨੂੰ ਇਹ ਦਸਦਿਆ ਹੋਏ ਮਾਨ ਮਹਿਸੂਸ ਹੋ ਰਿਹਾ ਹੈ ਕਿ ਹਾ ਹਾ ਬੀ ਹੈਪੀ ਯੋਗਾ ਗ➡ੱਪ ਅਤੇ ਫਿਰੋਜ਼ਪੁਰ ਜਿਲਾ ਯੋਗਾ ਐਸੋਸੀਏਸ਼ਨ ਮਿਲ ਕੇ ਵਿਸ਼ਵ ਯੋਗਾ ਦਿਵਸ ਮਨਾ ਰਹੇ ਹਾਂ। ਇਹ ਵਿਚਾਰ ਸਾਂਝੇ ਕਰਦਿਆਂ ਡਾ: ਸੁਰਿੰਦਰ ਸਿੰਘ ਕਪੂਰ ਨੇ ਦੱਸਿਆ ਕਿ ਹਾ ਹਾ ਬੀ ਹੈਪੀ ਗ➡ੱਪ ਦੇ ਸਕੱਤਰ ਵਜੋਂ, ਇਹ ਮੇਰੇ ਲਈ ਮਾਣ ਦੀ ਗੱਲ ਹੈ ਕਿ ਅਸੀਂ ਸਾਰੇ ਮਿਲ ਕੇ ਯੋਗਾ ਦੀ ਇਸ ਅਦੁੱਤੀ ਰਾਹ ਨੂੰ ਜੀਵਨ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਯੋਗਾ ਸਿਰਫ਼ ਆਸਨ ਜਾਂ ਕਸਰਤ ਨਹੀਂ, ਇਹ ਇੱਕ ਜੀਵਨ ਜੀਊਣ



ਦੀ ਕਲਾ ਹੈ। ਇਹ ਸਾਨੂੰ ਸਰੀਰ, ਮਨ ਤੇ ਆਤਮਾ ਨੂੰ ਇਕ—ਦੂਜੇ ਨਾਲ ਜੋੜਨਾ ਸਿਖਾਉਂਦਾ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਜਦ ਤਣਾਅ ਤੇ ਉਲਝਣਾਂ ਆਮ ਹੋ ਗਈਆਂ ਹਨ, ਯੋਗ ਸਾਨੂੰ ਸਾਡੀ ਅੰਦਰਲੀ ਸ਼ਾਂਤੀ ਵੱਲ ਵਾਪਸ ਲੈ ਜਾਂਦਾ ਹੈ, ਅਸੀਂ ਅਕਸਰ ਤਣਾਅ, ਚਿੰਤਾ ਅਤੇ ਬਿਮਾਰੀਆਂ ਨਾਲ ਘਿਰੇ ਰਹਿੰਦੇ ਹਾਂ, ਪਰ ਯੋਗਾ ਸਾਨੂੰ ਇੱਕ ਕੁਦਰਤੀ, ਨਿਸ਼ੁਲਕ ਤੇ ਹਰ ਕਿਸੇ ਲਈ ਆਪਣੇ ਜੀਵਨ ਨੂੰ ਸੁਧਾਰਨ ਦਾ ਉਪਲਬਧ ਢੰਗ ਦਿੰਦਾ ਹੈ। ਉਨ੍ਹਾਂ ਕਿਹਾ ਕਿ 19 ਤੋਂ 21 ਜੂਨ 2025 ਤੱਕ ਸਵੇਰੇ 5:30 ਤੋਂ 6:45 ਸਵੇਰ ਤੱਕ ਅਨਿਲ ਬਾਗੀ ਪਾਰਕ, ਨਾਮਦੇਵ ਚੌਕ, ਫਿਰੋਜ਼ਪੁਰ ਸ਼ਹਿਰ ਵਿੱਚ ਹੋ ਰਹੇ ਇਸ ਮੁਫ਼ਤ ਯੋਗ ਸ਼ਿਵਿਰ ਰਾਹੀਂ ਸਾਡਾ ਉਦੇਸ਼ ਹੈ ਕਿ ਅਸੀਂ ਯੋਗ ਦੇ ਚਾਨਣ ਨੂੰ ਹਰ ਘਰ ਹਰ ਵਿਅਕਤੀ ਤੱਕ ਲੈ ਜਾਈਏ। ਆਓ ਇਹ ਸ਼ਿਵਿਰ ਸਿਰਫ਼ ਤਿੰਨ ਦਿਨਾਂ ਦੀ ਘਟਨਾ ਨਾ ਰਹੇ, ਸਗੋਂ ਸੱਚੀ ਤਬਦੀਲੀ ਦੀ ਸ਼ੁਰੂਆਤ ਬਣੇ। ਡਾ: ਕਪੂਰ ਨੇ ਕਿਹਾ ਕਿ ਜਿਵੇਂ ਸਾਡੇ ਪ੍ਰਧਾਨ ਮੰਤਰੀ ਜੀ ਨੇ ਕਿਹਾ ਸੀ ਯੋਗ ਭਾਰਤ ਦੀ ਪ੍ਰਾਚੀਨ ਪਰੰਪਰਾ ਦਾ ਇੱਕ ਅਮੁੱਲਾ ਤੋਹਫਾ ਹੈ, ਇਹ ਮਨ ਅਤੇ ਸਰੀਰ ਦੀ ਏਕਤਾ, ਵਿਚਾਰ ਅਤੇ ਕਿਰਿਆ ਦੀ ਏਕਤਾ ਦਾ ਪ੍ਰਤੀਕ ਹੈ, ਆਓ ਅਸੀਂ ਇਸ ਵਿਰਾਸਤ ਤੇ ਮਾਣ ਕਰੀਏ ਅਤੇ ਇਸ ਦੀ ਰਾਖੀ ਦੀ ਜ਼ਿੰਮੇਵਾਰੀ ਵੀ ਨਿਭਾਈਏ। ਮੈਂ ਤੁਹਾਨੂੰ ਸੱਦਾ ਦਿੰਦਾ ਹਾਂ—ਖੁੱਲ੍ਹੇ ਮਨ ਨਾਲ, ਖੁੱਲੇ ਦਿਲ ਨਾਲ ਤੇ ਆਪਣੇ ਸੁਖ—ਸਮਾਧਾਨ ਲਈ ਆਓ। ਆਓ ਅਸੀਂ ਇਕ—ਦੂਜੇ ਨੂੰ ਪ੍ਰੇਰਿਤ ਕਰੀਏ, ਸੱਚੇ ਦਿਲੋਂ ਯੋਗ ਦਾ ਜਸ਼ਨ ਮਨਾਈਏ—ਨਾ ਕਿ ਸਿਰਫ ਇੱਕ ਦਿਨ ਲਈ, ਸਗੋਂ ਹਰ ਰੋਜ਼।

# ਮਾਤਾ ਗਿਆਨ ਕੌਰ ਨਮਿਤ ਸਰਧਾਂਜਲੀ ਸਮਾਗਮ ਬਾਬਾ ਦਲੀਪ ਸਿੰਘ ਮਸਤਾਂ ਦੀਵਾਨ ਹਾਲ ਬੰਡਾਲਾ ਵਿਖੇ ਕਰਵਾਇਆ ਗਿਆ

**ਜੰਡਿਆਲਾ ਗੁਰੂ / ਗੁਰਦੇਵ ਸਿੰਘ ਮਨਜੋਤਰਾਂ**

ਕਸਬਾ ਬੰਡਾਲਾ ਤੋਂ ਜਗ ਬਾਣੀ ਦੇ ਪੱਤਰਕਾਰ ਜਗਤਾਰ ਸਿੰਘ ਬੰਡਾਲਾ ਦੀ ਮਾਤਾ ਗਿਆਨ ਕੌਰ ਜਿੰਨਾਂ ਦਾ ਬੀਤੇ ਦਿਨੀ ਦੇਹਾਂਤ ਹੋ ਗਿਆ ਸੀ ਉਨ੍ਹਾਂ ਨਮਿਤ ਸਰਧਾਂਜਲੀ ਸਮਾਗਮ ਬਾਬਾ ਦਲੀਪ ਸਿੰਘ ਮਸਤਾਂ ਦੇ ਦੀਵਾਨ ਹਾਲ ਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਤੋਂ ਬਾਅਦ ਕਰਵਾਇਆ ਗਿਆ। ਇਸ ਮੌਕੇ ਤੇ ਭਾਈ ਜੱਜ ਸਾਹਿਬ ਸਿੰਘ ਜੀ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਆਏ ਕੀਰਤਨੀ ਜਥੇ ਵਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਦੌਰਾਨ ਪਹੁੰਚੀਆਂ ਹੋਇਆਂ ਸੰਗਤਾਂ ਦਾ ਓਂਕਾਰ ਸਿੰਘ ਬੰਡਾਲਾ ਵਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਾਤਾ ਪਿਤਾ ਦਾ ਸਿਰ ਤੋਂ ਸਾਇਆ ਉਠ ਜਾਣਾ ਭੈਣ ਭਰਾਵਾਂ ਲਈ ਬਹੁਤ ਦੁਖਦਾਈ ਹੁੰਦਾ ਹੈ, ਸਿਆਣਾ ਵਿਅਕਤੀ ਹਮੇਸ਼ਾ ਆਪਣੇ ਪਰਿਵਾਰ ਨੂੰ ਸਹੀ ਸੇਧ ਦਿੰਦਾ ਹੈ। ਇਸ ਮੌਕੇ ਤੇ ਹਲਕਾ ਜੰਡਿਆਲਾ ਗੁਰੂ ਤੋਂ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਕੈਬਨਿਟ ਮੰਤਰੀ ਹਰਭਜਨ ਸਿੰਘ ਦੇ ਭਰਾ ਸਤਿੰਦਰ ਸਿੰਘ, ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ, ਹਰਜੀਤ ਸਿੰਘ ਚੇਅਰਮੈਨ, ਕੁਲਦੀਪ ਸਿੰਘ ਬਾਠ, ਹਲਕਾ ਜੰਡਿਆਲਾ ਗੁਰੂ ਤੋਂ ਭਾਜਪਾ ਦੇ ਇੰਚਾਰਜ ਹਰਦੀਪ ਸਿੰਘ ਗਿੱਲ ਅਮਰੀਕ ਸਿੰਘ ਬਾਠ,ਭੁਪਿੰਦਰ ਸਿੰਘ ਸਿੱਧੂ, ਲਖਬੀਰ ਸਿੰਘ ਗਿੱਲ, ਸਤਿੰਦਰਬੀਰ ਸਿੰਘ



ਪੀਟਰ, ਰਾਮ ਸ਼ਰਨਜੀਤ ਸਿੰਘ,ਸਿਮਰਤਪਾਲ ਸਿੰਘ ਬੇਦੀ, ਅਮ੍ਰਿਤਪਾਲ ਸਿੰਘ ਬੇਦੀ,ਪ੍ਰਮਿੰਦਰ ਸਿੰਘ ਜੋਸਨ, ਰਾਜਬੀਰ ਸਿੰਘ ਨਵਾਂ ਪਿੰਡ, ਅਵਤਾਰ ਸਿੰਘ ਜਾਣੀਆਂ ਮੁੱਖ ਬੁਲਾਰਾ, ਸਰਪੰਚ ਜੁਝਾਰ ਸਿੰਘ, ਅੰਗਰੇਜ਼ ਸਿੰਘ ਹੁੰਦਲ,ਸਰਪੰਚ ਪ੍ਰਗਟ ਸਿੰਘ ਬੱਬਾ, ਸਰਪੰਚ ਸਲਵਿੰਦਰ ਸਿੰਘ ਭੋਲਾ, ਸਰਪੰਚ ਪਰਮਜੀਤ ਸਿੰਘ,ਡਾ ਦਵਿੰਦਰ ਸਿੰਘ, ਡਾ ਤਰਸੇਮ ਸਿੰਘ,ਹਰਜਿੰਦਰ ਸਿੰਘ ਕਲੇਰ, ਜਸਬੀਰ ਸਿੰਘ ਭੋਲਾ, ਨਿਰਵੈਲ ਸਿੰਘ ਕਾਲਾ, ਗੁਰਮੀਤ ਸਿੰਘ ਡੀਜੇ ਵਾਲੇ, ਰਾਜਵਿੰਦਰ ਸਿੰਘ ਰਾਜ ਹੁੰਦਲ, ਜਸਪਾਲ ਸਿੰਘ ਜੱਸ ਦਾਲਮ, ਸਾਹਿਬ ਸਿੰਘ ਲਵਲੀ,ਡਾ ਚਮਕੌਰ ਸਿੰਘ, ਮਲਕੀਤ ਸਿੰਘ ਕਾਕਾ, ਬਲਵਿੰਦਰ ਸਿੰਘ ਲਾਡੀ ਦਰਜ਼ੀ, ਸਤਿੰਦਰ ਸਿੰਘ ਅਠਵਾਲ, ਪ੍ਰਗਟ ਸਿੰਘ ਘਣਗੱਸ, ਗੁਰਦੇਵ ਸਿੰਘ ਮਨਜੋਤਰਾ, ਗੁਰਦੇਵ ਸਿੰਘ ਮੱਲ੍ਹੀ, ਸੁਖਜਿੰਦਰ ਸਿੰਘ ਸੋਨੂੰ, ਲਖਬੀਰ ਸਿੰਘ ਪੀ.ਟੀ, ਸਵਿੰਦਰ ਸਿੰਘ ਲਹੌਰੀਆ, ਅਨਿਲ ਕੁਮਾਰ,ਆਦਿ ਸਮੂਹ ਸੰਗਤ ਵੱਡੀ ਗਿਣਤੀ ਵਿਚ ਹਾਜ਼ਰ ਸੀ।

# ਫਿਰੋਜ਼ਪੁਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਲਦ ਸ਼ੁਰੂ ਹੋਵੇ ਰੇਲ ਯਾਤਰਾ—ਸਮਾਜ ਸੇਵੀ

**ਫਿਰੋਜ਼ਪੁਰ/ਮਨੋਹਰ ਲਾਲ**

ਕੁਲ ਦੁਨਿਆਂ ਵਿਚ ਵਿਲੱਖਣ ਸਥਾਨ ਰੱਖਣ ਵਾਲੇ ਸ੍ਰੀ ਅੰਮ੍ਰਿਤਰ ਸਾਹਿਬ ਵਿਖੇ ਹਰ ਵਿਅਕਤੀ ਦੀਆਂ ਧਾਰਮਿਕ ਆਸਥਾ ਜੁੜੀਆਂ ਹੋਈਆਂ ਹਨ ਅਤੇ ਲੰਬੇ ਅਰਸੇ ਤੋਂ ਸਮੇਂ ਦੇ ਹਾਕਮਾਂ ਵੱਲੋਂ ਫਿ?ਰੋਜ਼ਪੁਰ ਤੋਂ ਅੰਮ੍ਰਿਤਸਰ ਰੇਲ ਲਾਈਨ ਪਾਸ ਹੋਣ ਦੀ ਪੁਸ਼ਟੀ ਕੀਤੀ ਹੈ, ਪਰ 10 ਤੋਂ 15 ਸਾਲ ਬੀਤ ਜਾਣ ਦੇ ਬਾਵਜੂਦ ਇਹ ਰੇਲ ਲਾਈਨ ਪਾਈ ਨਹੀਂ ਗਈ, ਜਿਸ ਕਰਕੇ ਲੋਕਾਂ ਵਿਚ ਰੋਹ ਦੀ ਲਹਿਰ ਦੌੜ ਰਹੀ ਹੈ। ਅੱਜ ਗੱਲਬਾਤ ਕਰਦਿਆਂ ਜਾਗੋ ਪੇਰੈਂਟਸ ਜਾਗੋ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜਗਨਦੀਪ ਜ਼ੋਨੀ, ਚੇਅਰਮੈਨ ਹਰੀ ਰਾਮ ਖਿੰਦੜੀ, ਪਰਮਿੰਦਰ ਸਿੰਘ ਸੈਕਟਰੀ, ਅਸ਼ਵਨੀ ਸ਼ਰਮਾ, ਪ੍ਰਤਾਪ ਫਿ?ਰੋਜ਼ਪੁਰ ਸੈਨ ਸਮਾਜ ਅਤੇ ਵਿਨੋਦ ਕੁਮਾਰ ਨੇ ਦੱਸਿਆ ਕਿ ਫਿ?ਰੋਜ਼ਪੁਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਬਿਨ੍ਹਾਂ ਦੇਰੀ ਰੇਲ ਯਾਤਰਾ ਸ਼ੁਰੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਿਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ—ਦੀਦਾਰੇ ਕਰਨ ਲਈ



ਸੰਗਤਾਂ ਨੇ ਜਾਣਾ ਹੁੰਦਾ ਹੈ, ਉਥੇ ਵਪਾਰੀਆਂ ਲਈ ਵੀ ਇਹ ਇਲਾਕਾ ਕਾਫੀ ਲਾਹੇਵੰਦਾ ਸਾਬਿਤ ਹੁੰਦਾ ਹੈ, ਪਰ ਰੇਲ ਯਾਤਰਾ ਨਾ ਹੋਣ ਕਰਕੇ ਧਰਮ ਪ੍ਰੇਮੀਆਂ ਸਮੇਤ ਵਪਾਰੀਆਂ ਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕਰੀਬ 10 ਤੋਂ 15 ਸਾਲ ਪਹਿਲਾਂ ਪਾਸ ਹੋ ਚੁੱਕੀ ਇਸ ਰੂਟ ਦੀ ਰੇਲ ਲਾਈਨ ਜਲਦ ਚਲਾਈ ਜਾਵੇ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਨੂੰ ਸਰਕਾਰ ਤੋਂ ਉਮੀਦ ਹੈ ਕਿ ਸਰਕਾਰ ਜਲਦ ਤੋਂ ਜਲਦ ਇਸ ਰੂਟ ਤੇ ਰੇਲ ਸੇਵਾ ਸ਼ੁਰੂ ਕਰਕੇ ਇਲਾਕਾ ਨਿਵਾਸੀਆਂ ਦੀ ਮੰਗ ਪੂਰੀ ਕਰੇਗੀ।

# ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਵੱਲੋਂ ਅਰਾਏਜੀਤ ਹੁੰਦਲ ਨੂੰ ਜੂਨੀਅਰ ਭਾਰਤੀ ਹਾਕੀ ਟੀਮ ਦੇ ਕਪਤਾਨ ਬਣਨ ਤੇ ਵਧਾਈ

**ਅੰਮ੍ਰਿਤਸਰ**

ਜਿਲ੍ਹਾ ਅੰਮ੍ਰਿਤਸਰ ਦੇ ਪਿੰਡ ਪਾਖਰਪੁਰਾ ਵਿਖੇ ਦਾਦਾ ਦਾਦਾ ਕਰਨੈਲ ਸਿੰਘ ਹੁੰਦਲ (ਪੰਜਾਬ ਪੁਲਿਸ) ਅਤੇ ਪਿਤਾ ਕੁਲਜੀਤ ਸਿੰਘ ਹੁੰਦਲ (ਰੇਲਵੇ) ਕੋਲੋਂ ਭਾਰਤ ਦੀ ਕੌਮੀ ਖੇਡ ਹਾਕੀ ਦੀ ਗੁੜਤੀ ਲੈ ਕੇ (ਤੀਜੀ ਪੀੜੀ ਦੀ ਵਿਰਾਸਤ ਸੰਭਾਲਣ ਵਾਲੇ ਖਿਡਾਰੀ) ਨੇ ਹਾਕੀ ਖੇਡਣੀ ਸ਼ੁਰੂ ਕਰਨ ਵਾਲੇ ਅਰਾਏਜੀਤ ਸਿੰਘ ਹੁੰਦਲ ਨੂੰ ਚਾਰ ਦੇਸ਼ਾਂ ਦੇ ਹਾਕੀ ਟੂਰਨਾਮੈਂਟ ਜੋ 21 ਤੋਂ 25 ਜੂਨ ਤੱਕ ਬਰਲਿਨ ਤੇ ਜਰਮਨੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਵਿਚ ਹਿੱਸਾ ਲੈਣ ਵਾਲੀ ਜੂਨੀਅਰ ਭਾਰਤੀ ਹਾਕੀ ਟੀਮ ਦਾ ਐਲਾਨ ਹਾਕੀ ਇੰਡੀਆ ਵਲੋਂ ਕਰ ਦਿੱਤਾ ਹੈ। ਇਸ ਵਿਚ ਪੰਜਾਬ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਅਰਾਏਜੀਤ ਸਿੰਘ ਹੁੰਦਲ ਨੂੰ ਹਾਕੀ ਇੰਡੀਆ ਨੇ ਜੂਨੀਅਰ ਭਾਰਤੀ ਹਾਕੀ ਟੀਮ ਦਾ ਨਵਾਂ ਕਪਤਾਨ ਬਣਾਇਆ ਹੈ। ਯਾਦ ਰਹੇ ਇਸ ਵੇਲੇ ਸੀਨੀਅਰ ਭਾਰਤੀ ਹਾਕੀ



ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਵੀ ਪੰਜਾਬ ਨਾਲ ਸਬੰਧ ਰੱਖਦੇ ਹਨ ਤੇ ਹੁਣ ਜੂਨੀਅਰ ਵਰਗ ਦੀ ਸਰਪੰਚੀ ਵੀ ਪੰਜਾਬ ਦੇ ਹਿੱਸੇ ਆਈ ਹੈ। ਇਸ ਮੌਕੇ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਵੱਲੋਂ ਅਰਾਏਜੀਤ ਹੁੰਦਲ ਨੂੰ ਜੂਨੀ ਭਾਰਤੀ ਹਾਕੀ ਟੀਮ ਦੇ ਕਪਤਾਨ ਬਣਨ ਤੇ ਵਧਾਈ ਦੇਣ ਵਾਲਿਆਂ ਵਿੱਚ ਕਰਨੈਲ ਸਿੰਘ ਹੁੰਦਲ, ਕੁਲਜੀਤ ਸਿੰਘ ਹੁੰਦਲ, ਬਿਕਰਮਜੀਤ ਸਿੰਘ ਕਾਕਾ, ਡੀਆਈਜੀ ਹਰਮਨਬੀਰ ਸਿੰਘ ਗਿੱਲ, ਪੀਸੀਐਸ ਰਾਜੇਸ਼ ਸ਼ਰਮਾ, ਹਰਦੇਸ ਸ਼ਰਮਾ, ਮਖਤੂਲ ਸਿੰਘ ਔਲਖ, ਨਿਰਵੈਰ ਸਿੰਘ ਸਰਕਾਰੀਆ, ਲੈਕਚਰਾਰ ਕੰਵਲਜੀਤ ਕੌਰ ਟੀਨਾ, ਕਰਮਜੀਤ ਕੌਰ ਜੱਸਲ, ਸੀਮਾ ਚੋਪੜਾ, ਗੁਰਮੀਤ ਸਿੰਘ ਸੰਧੂ, ਬਲਜਿੰਦਰ ਸਿੰਘ ਮੱਟੂ, ਦਮਨਪ੍ਰੀਤ ਕੌਰ,ਕੰਵਲਜੀਤ ਸਿੰਘ ਵਾਲੀਆ ਅਤੇ ਅਮਨਦੀਪ ਸਿੰਘ ਦੇ ਨਾਂਅ ਸ਼ਾਮਿਲ ਹਨ 9

# ਚੇਅਰਮੈਨ ਜਤਿੰਦਰ ਬੇਦੀ ਅਤੇ ਪ੍ਰਧਾਨ ਹਰਪਾਲ ਭੰਗੂ ਵੱਲੋਂ ਪੱਤਰਕਾਰਾਂ ਦੇ ਹੱਕ 'ਚ ਵਿੱਤ ਮੰਤਰੀ ਨੂੰ ਦਿੱਤਾ ਮੰਗ ਪੱਤਰ ਸ਼ਲਾਘਾਯੋਗ- ਜਗਜੀਤ ਸਿੰਘ ਖਾਲਸਾ

**ਜੰਡਿਆਲਾ ਗੁਰੂ /ਗੁਰਦੇਵ ਸਿੰਘ ਮਨਜੋਤਰਾਂ**

ਮਾਝੇ ਦੀ ਨਾਮਵਰ ਪ੍ਰੈਸ ਸੰਸਥਾ ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਦੇ

**ਸਰਕਾਰ ਨੂੰ ਮੰਗ ਪੱਤਰ ਦੇਣ ਨਾਲ ਪੱਤਰਕਾਰਾਂ ਦੀਆਂ ਮੰਗਾਂ ਹੋਣਗੀਆਂ ਪੂਰੀਆ- ਖਾਲਸਾ**

ਸਕੱਤਰ ਜਗਜੀਤ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਜਤਿੰਦਰ ਸਿੰਘ ਬੇਦੀ ਅਤੇ ਪ੍ਰਧਾਨ ਹਰਪਾਲ ਸਿੰਘ ਭੰਗੂ ਵੱਲੋਂ ਪੱਤਰਕਾਰਾਂ ਦੀਆਂ ਪਿਛਲੇ ਕਈ ਸਾਲਾਂ ਤੋਂ ਲੱਟਕਦੀਆਂ ਆ ਰਹੀਆਂ ਹੱਕੀ ਮੰਗਾਂ ਨੂੰ ਪੰਜਾਬ ਸਰਕਾਰ ਤੱਕ ਪੁੱਜਦਾ ਕਰਨ ਦਾ ਜੋ ਉਪਰਾਲਾ ਕੀਤਾ ਗਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀ ਪੰਜਾਬ ਦੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਅਤੇ ਹੋਰ ਮੰਤਰੀ ਸਹਿਬਾਨ ਇਕ ਸਮਾਗਮ 'ਚ ਹਿੱਸਾ ਲੈਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਖੇ ਇਕ ਸਮਾਗਮ 'ਚ ਸ਼ਿਰਕਤ ਕਰਨ ਲਈ ਆਏ ਸਨ। ਇਸ ਦੋਰਾਨ ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਜਤਿੰਦਰ ਸਿੰਘ ਬੇਦੀ ਅਤੇ ਪ੍ਰਧਾਨ ਹਰਪਾਲ ਸਿੰਘ ਭੰਗੂ ਨੇ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਮੁਫਤ ਬੱਸ ਸਹੂਲਤ, ਟੋਲ ਪਲਾਜਿਆਂ ਤੋਂ ਰਾਹਤ, ਪੱਤਰਕਾਰਾਂ ਨੂੰ ਮਹੀਨਾਵਾਰ ਭੱਤਾ ਦੇਣਾ, 10 ਲੱਖ ਰੁਪਏ ਦੀ ਐਕਸੀਡੈਂਟਲ ਦੁਰਘਟਨਾ ਬੀਮਾ ਦੀ ਸਹੂਲਤ ਦੇ ਨਾਲ-ਨਾਲ ਹੀ ਡਿਜੀਟਲ



ਮੀਡੀਆ (ਸ਼ੋਸਲ ਮੀਡੀਆ) ਚੈਨਲਾਂ ਨੂੰ ਵੀ ਬਾਕੀ ਪੱਤਰਕਾਰਾਂ ਦੀ ਤਰ੍ਹਾਂ ਮਾਨਤਾ ਦਿੱਤੇ ਜਾਣ ਸਬੰਧੀ ਇਕ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਾਮ 'ਤੇ ਪੰਜਾਬ ਦੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੂੰ ਦਿੱਤਾ ਗਿਆ ਸੀ। ਜਗਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਇਸ ਮੰਗ ਪੱਤਰ ਨਾਲ ਪੱਤਰਕਾਰਾਂ ਦੀਆਂ ਮੰਗਾਂ ਪੂਰੀਆ ਹੋਣ ਦੀ ਪੂਰੀ ਸੰਭਾਵਨਾ ਹੈ ਅਤੇ ਆਸ ਕੀਤੀ ਜਾ ਰਹੀ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੱਤਰਕਾਰਾਂ ਦੀਆਂ ਪਿਛਲੇ ਕਈ ਸਾਲਾਂ ਤੋਂ ਲੱਟਕਦੀਆਂ ਆ ਰਹੀਆਂ ਮੰਗਾਂ ਨੂੰ ਪਹਿਲ ਦੇ ਅਧਾਰ ਪੂਰਾ ਕਰਨ ਦਾ ਯਤਨ ਕਰੇਗੀ। ਉਹਨਾਂ ਦੱਸਿਆ ਕਿ ਪੱਤਰਕਾਰਾਂ ਦੀਆਂ ਮੰਗਾਂ ਨੂੰ ਲੈ ਕੇ ਜਲਦ ਹੀ ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਨਿਜੀ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਕੋਲੋ ਸਮਾਂ ਲੈ ਕੇ ਚੰਡੀਗੜ੍ਹ ਵਿੱਖੇ ਮੁਲਾਕਾਤ ਕਰਕੇ ਪੱਤਰਕਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਜਾਣੂ ਕਰਵਾਏਗੀ।

## ਚਿੱਪ ਵਾਲੇ ਮੀਟਰ ਲਗਾਉਣ ਤੇ ਸਰਕਾਰ ਦੇ ਫ਼ੈਸਲੇ ਦਾ ਅਸੀਂ ਵਿਰੋਧ ਕਰਦੇ ਹਾਂ-ਅਤਲਾ

**ਮਾਨਸਾ** - ਪੰਜਾਬ ਸਰਕਾਰ ਬਿਜਲੀ ਖਪਤਕਾਰਾਂ 'ਤੇ ਵੱਡਾ ਬੋਝ ਪਾਉਣ ਜਾ ਰਹੀ ਅਤੇ ਸਮਾਰਟ ਚਿੱਪ ਵਾਲੇ ਮੀਟਰ ਖਪਤਕਾਰਾਂ ਦੇ ਲਗਾਉਣ ਦੀਆਂ ਤਿਆਰੀਆਂ 'ਚ ਪੰਜਾਬ ਸਰਕਾਰ ਜੁੱਟ ਗਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਸੁਖਚੈਨ ਸਿੰਘ ਅਤਲਾ ਮੁੱਖ



ਸੇਵਾਦਾਰ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਪੰਜਾਬ ਵਲੋਂ ਪੱਤਰਕਾਰਾਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਕਿਸਾਨ ਯੂਨੀਅਨ ਅੰਮ੍ਰਿਤਸਰ ਅਤੇ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਪੰਜਾਬ ਸਰਕਾਰ ਦੇ ਇਸ ਨਾਦਰਸ਼ਾਹੀ ਫ਼ੈਸਲੇ ਦਾ ਵਿਰੋਧ ਕਰਦੀ ਹੈ ਅਤੇ ਸਾਡੇ ਸਾਰੇ ਆਗੂ ਅਤੇ ਵਰਕਰ ਕਿਸੇ ਦੀ ਖਪਤਕਾਰ ਸਮਾਰਟ ਚਿੱਪ ਵਾਲਾ ਮੀਟਰ ਨਹੀਂ ਲੱਗਣ ਦੇਣਗੇ ਅਤੇ ਸ਼ਾਂਤਮਈ ਤਰੀਕੇ ਨਾਲ ਪਾਵਰਕਾਮ ਦੇ ਅਧਿਕਾਰੀਆਂ ਦਾ ਵਿਰੋਧ ਕਰਨਗੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਵਿਚੋਂ ਨਿਕਲੀ ਪਾਰਟੀ ਆਮ ਲੋਕਾਂ ਦਾ ਹੀ ਗਲਾ ਘੁੱਟਣ ਲਈ ਉਤਾਵਲੀ ਕਿਉਂ ਹੋ ਰਹੀ ਹੈ। ਉਨ੍ਹਾਂ ਕਿਹਾ ਹੈ ਕਿ ਬਾਹਰਲੇ ਦੇਸ਼ਾਂ ਵਾਲੀਆਂ ਸਕੀਮਾਂ ਸਾਡੇ ਪੰਜਾਬ ਵਿਚ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਆਪਣਾ ਮਾਡਲ ਬਾਹਰਲੇ ਦੇਸ਼ਾਂ ਵਾਲਾ ਬਣਾ ਤਾਂ ਲਵੇ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲੇ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਸਰਕਾਰ ਆਪਣੀ ਕੋਈ ਪਾਲਿਸੀ ਤਿਆਰ ਕਰੇ ਤਾਂ ਜੋ ਸਾਡਾ 'ਤੇ ਖੜ੍ਹਾ ਹੋ ਸਕੇ। ਉਨ੍ਹਾਂ ਕਿਹਾ ਕਿ ਸਮਾਰਟ ਚਿੱਪ ਵਾਲੇ ਮੀਟਰਾਂ ਨਾਲ ਹਰੇਕ ਖਪਤਕਾਰ 'ਤੇ ਬਿਜਲੀ ਦੇ ਬਿੱਲ ਦਾ ਵੱਡਾ ਬੋਝ ਪਵੇਗਾ ਅਤੇ ਹਰੇਕ ਖਪਤਕਾਰ ਨੂੰ ਵੀ ਸਰਕਾਰ ਦੇ ਇਸ ਫ਼ੈਸਲੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ। ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਆਗੂ ਅਤੇ ਵਰਕਰ ਉਨ੍ਹਾਂ ਦਾ ਪੂਰਾ ਸਾਥ ਦੇਣਗੇ।

## ਸਮਾਜ ਪ੍ਰਤੀ ਉਸਾਰੂ ਸੋਚ ਅਤੇ ਲੋੜਵੰਦਾਂ ਲਈ ਤੱਤਪਰਤਾ ਰੱਖਣ ਵਾਲੀ ਸ਼ਖਸ਼ੀਅਤ ਦਾ ਮਾਲਕ ਹੈ ਸ਼ਾਇਰ ਮਹਿੰਦਰ ਸੂਦ ਵਿਰਕ

**ਹੁਸ਼ਿਆਰਪੁਰ / ਢਾਹਾਂ ਕਲੇਰਾਂ - (ਤਰਸੇਮ ਦੀਵਾਨਾ )** ਥੋੜ੍ਹੇ ਜਿਹੇ ਸਮੇਂ ਵਿੱਚ ਹੀ ਬੁਲੰਦੀਆਂ ਨੂੰ ਛੂਹਣਾ, ਗੱਲ ਆਮ ਨਹੀਂ ਹੁੰਦੀ, ਅਜਿਹੇ ਰਾਹਾਂ ਦੇ ਪਾਂਧੀ ਖਾਸ ਹੁੰਦੇ ਹਨ। ਉਹਨਾਂ ਖਾਸ ਪਾਂਧੀਆਂ ਵਿੱਚੋਂ ਇੱਕ



ਵਿਲੱਖਣ ਸ਼ਖਸ਼ੀਅਤ ਦਾ ਮਾਲਕ ਹੈ, ਸ਼ਾਇਰ ਮਹਿੰਦਰ ਸੂਦ ਵਿਰਕ। ਉੱਚੇਰੀ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਆਪਣੀ ਕਲਮ ਨੂੰ ਨਿਖਾਰਦਿਆਂ ਹੁਣ ਤੱਕ ਤਿੰਨ ਡਿਜ਼ੀਟਲ ਕਾਵਿ ਸੰਗ੍ਰਹਿ ਲੋਕ ਅਰਪਣ ਕਰ ਚੁੱਕਿਆ ਹੈ ਅਤੇ ਬਹੁਤ ਸਾਰੀਆਂ ਸੰਸਥਾਵਾਂ ਤੋਂ ਮਾਣ ਸਨਮਾਣ ਪ੍ਰਾਪਤ ਕਰ ਚੁੱਕਾ ਹੈ। ਇਸ ਨੂੰ ਮੈਂ ਇਸ ਦੇ ਕਾਲਜ਼ ਸਮੇਂ ਤੋਂ ਹੀ ਬਹੁਤ ਨੇੜਿਓਂ ਦੇਖਿਆ ਹੈ ਕਿਉਂਕਿ ਇਸ ਦੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਮੁਕੰਦਪੁਰ ਕਾਲਜ਼ ਜਾਣ ਦਾ ਮੇਰਾ ਵੀ ਸਬੱਬ ਬਣਦਾ ਰਹਿੰਦਾ ਸੀ। ਮਹਿੰਦਰ ਸੂਦ ਵਿਰਕ ਵਿਦਿਆਰਥੀ ਸਮੇਂ ਤੋਂ ਹੀ ਸਮਾਜ ਪ੍ਰਤੀ ਜ਼ਿੰਮੇਵਾਰ ਸੀ ਅਤੇ ਉਸਾਰੂ ਸੋਚ ਰੱਖਦਾ ਸੀ। ਸਮਾਜ ਪ੍ਰਤੀ ਕੁੱਝ ਕਰ ਗੁਜ਼ਰਨ ਲਈ ਤੱਤਪਰ ਰਹਿੰਦਾ ਸੀ। ਸਮਾਜ ਪ੍ਰਤੀ ਆਪਣੇ ਮਨ ਦੇ ਵਲਵਲਿਆਂ ਨੂੰ ਕਲਮ ਰਾਹੀਂ ਲੋਕਾਂ ਸਾਹਮਣੇ ਰੱਖਣ ਵਿੱਚ ਸਫਲ ਹੋਇਆ ਹੈ। ਅਜਿਹੇ ਅਗਾਂਹ ਵਧੂ ਨੌਜਵਾਨਾਂ ਦੀ ਸੋਚ, ਸਮਾਜ ਲਈ ਚਾਨਣ ਮੁਨਾਰਾ ਅਤੇ ਰਾਹ ਦਸੇਰਾ ਬਣਦੀ ਹੈ। ਸਮਾਜ ਪ੍ਰਤੀ ਉਸਾਰੂ ਸੋਚ ਅਤੇ ਲੋੜਵੰਦਾਂ ਲਈ ਤੱਤਪਰਤਾ ਇਸ ਦੀ ਸ਼ਖਸ਼ੀਅਤ ਨੂੰ ਹੋਰ ਨਿਖਾਰਦੀ ਹੈ। ਆਪਣੇ ਤਿੰਨ ਕਾਵਿ ਸੰਗ੍ਰਹਿਆਂ, ÷ਸੱਚ ਦਾ ਹੋਕਾ÷ , ÷ਸੱਚ ਕੌੜਾ ਆ÷ , ਅਤੇ ÷ਸੱਚ ਵਾਂਗ ਕੱਚ÷ ਨਾਲ ਆਪਣੇ ਪਾਠਕਾਂ ਦੇ ਮਨਾਂ ÷ਚ ਥਾਂ ਬਨ੍ਹਾਉਣ ਵਿੱਚ ਸਫਲ ਹੋਇਆ ਹੈ। ਹੁਣ ਸ਼ਾਇਰ ਮਹਿੰਦਰ ਸੂਦ ਵਿਰਕ ਨੇ ਆਪਣਾ ਚੌਥਾ ਡਿਜ਼ੀਟਲ ਕਾਵਿ ਸੰਗ੍ਰਹਿ ÷ਸੱਚੇ ਸੁੱਚੇ ਹਰਫ਼÷ ਨੂੰ ਲੋਕ ਅਰਪਣ ਕੀਤਾ ਹੈ। ਮੈਨੂੰ ਉਸ ਪ੍ਰਤੀ ਚਾਰ ਸ਼ਬਦ ਲਿਖਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਅਤੇ ਮਾਲਕ ਦੇ ਚਰਨਾਂ ਵਿੱਚ ਦੂਆ ਕਰਦੇ ਹਾ ਕਿ ਸ਼ਾਇਰ ਮਹਿੰਦਰ ਸੂਦ ਵਿਰਕ ਦੀ ਕਲਮ ਇਸ ਤਰ੍ਹਾਂ ਹੀ ਸੱਚ ਦੀ ਆਵਾਜ਼ ਬੁਲੰਦ ਕਰਦੀ ਰਹੇ !



**ਝਬਾਲ,ਦਲਜੀਤ ਸਿੰਘ ਚੱਡਾ** - ਅੱਜ, ਸ੍ਰੀ ਭੁਪਿੰਦਰ ਸਿੰਘ ਸਿੱਧੂ, ਪੀ.ਪੀ.ਐਸ, ਐਸ.ਐਸ.ਪੀ ਤਰਨ ਤਾਰਨ (ਅਤਿਰਿੱਕਤ ਭਾਰ) ਨੇ ਐਸ.ਐਸ.ਪੀ ਦਫਤਰ ਤਰਨ ਤਾਰਨ ਵਿਖੇ ਜਿਲ੍ਹਾਂ ਤਰਨ ਤਾਰਨ ਦੇ ਸਮੂਹ ਗਜ਼ਟਡ ਅਫਸਰਾਨ ਨਾਲ ਜਿਲ੍ਹਾਂ ਵਿੱਚ ਲਾਅ ਐਂਡ ਆਰਡਰ ਨੂੰ ਕਾਇਮ ਰੱਖਣ ਸਬੰਧੀ ਮੀਟਿੰਗ ਕੀਤੀ ਗਈ।ਇਸ ਦੇ ਨਾਲ ਹੀ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਹੋਰ ਦ੍ਰਿੜਤਾ ਨਾਲ ਲਾਗੂ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ।

## ਮੋਹਕਮਪੁਰਾ ਪੁਲਿਸ ਨੇ ਨਾਕਾਬੰਦੀ ਦੌਰਾਨ ਚੌਰੀ ਦੇ ਮੋਟਰਸਾਈਕਲ ਸਮੇਤ ਕੀਤੇ ਦੋ ਮੁਲਜਮ ਕਾਬੂ

**ਅੰਮ੍ਰਿਤਸਰ - (ਅੰਮ੍ਰਿਤਾ ਭਗਤ)**

ਥਾਣਾ ਮੋਹਕਮਪੁਰਾ ਪੁਲਿਸ ਨੇ ਨਾਕਾਬੰਦੀ ਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ ਤੇ ਚੌਰੀ ਦੇ ਦੋ ਮੋਟਰਸਾਈਕਲ ਸਮੇਤ 02 ਵਿਅਕਤੀਆ ਨੂੰ ਕਾਬੂ ਕੀਤਾ । ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿੰਨੇ ਥਾਣਾ ਮੋਹਕਮਪੁਰਾ ਦੇ ਇੰਚਾਰਜ ਮੋਹਤ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੁਲਿਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਚੈਕਿੰਗ ਦੌਰਾਨ ਮਿਲੀ ਪੁਖਤਾਂ ਸੂਚਨਾਂ ਦੇ ਅਧਾਰ ਤੇ ਵੇਰਕੇ ਵਾਲੀ ਸਾਈਡ ਤੋਂ ਸੰਨਸਿਟੀ ਵੱਲ ਨੂੰ ਆ ਰਹੇ ਮੋਟਰਸਾਈਕਲ ਪਲਟਿਨਾਂ ਬਿਨਾਂ ਨੰਬਰੀ ਸਮੇਤ ਦੋ ਵਿਅਕਤੀਆਂ ਕਾਬੂ ਕੀਤਾ ਗਿਆ।ਫੜੇ ਗਏ ਮੁਲਜ਼ਮਾਂ ਦੀ ਪਹਿਚਾਣ ਅਰਸ਼ਦੀਪ ਸਿੰਘ



ਉਰਫ ਮਝੈਲ ਵਾਸੀ ਪਿੰਡ ਜੇਠੂਵਾਲ, ਸਾਹਿਲਦੀਪ ਸਿੰਘ ਵਾਸੀ ਪਿੰਡ ਜੇਠੂਵਾਲ ਵਜੋ ਹੋਈ । ਗ੍ਰਿਫ਼ਤਾਰ ਦੋਨਾਂ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ। ਤਾਂ ਜੋ ਇਹਨਾਂ ਮੁਲਜ਼ਮਾਂ ਕੋਲੋਂ ਹੋਰ ਵੀ ਖੁਲਾਸੇ ਜਾਹਰ ਕਰਵਾਏ ਜਾਣਗੇ।

## ਦੁਕਾਨਦਾਰਾਂ ਨੇ ਸਤਿਗੁਰੂ ਕਬੀਰ ਜੀ ਦੇ ਜਨਮ ਦਿਹਾੜੇ ਅਤੇ ਸ਼੍ਰੀ ਰਾਜਾ ਸਾਹਿਬ ਦੀ ਯਾਦ ਵਿੱਚ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ



**ਬੰਗਾ/ਜਗਦੀਸ਼ ਲਾਲ ਕਲਸੀ**

ਗੜ੍ਹਸ਼ੰਕਰ ਰੋਡ 'ਤੇ ਬਿਜਲੀ ਘਰ ਦੇ ਨੇੜੇ ਦੁਕਾਨਦਾਰਾਂ ਨੇ ਸਤਿਗੁਰੂ ਕਬੀਰ ਜੀ ਦੇ ਜਨਮ ਦਿਹਾੜੇ 'ਤੇ ਠੰਡੇ ਮਿੱਠੇ ਪਾਣੀ ਦਾ ਛਬੀਲ ਲਗਾਈ। ਇਸ ਮੌਕੇ ਸ਼੍ਰੀ ਰਾਜਾ ਸਾਹਿਬ ਨੂੰ ਵੀ ਯਾਦ ਕੀਤਾ ਗਿਆ। ਚਨੇ ਦਾ ਪ੍ਰਸਾਦ ਵੀ ਵੰਡਿਆ ਗਿਆ। ਤੇਜ਼ ਗਰਮੀ ਵਿੱਚ ਰਾਹਗੀਰਾਂ ਨੇ ਠੰਡਾ ਮਿੱਠਾ ਪਾਣੀ ਪੀ ਕੇ ਆਪਣੀ ਪਿਆਸ ਬੁਝਾਈ। ਯਾਦ ਰਹੇ ਕਿ ਬੰਗਾ ਵਿੱਚ ਬੁੱਧਵਾਰ ਸਵੇਰੇ 8 ਵਜੇ ਤੋਂ ਬਾਅਦ ਸੂਰਜ ਦੀ ਗਰਮੀ ਦਾ ਅਹਿਸਾਸ ਸ਼ੁਰੂ ਹੋ ਗਿਆ ਸੀ। ਬੁੱਧਵਾਰ ਨੂੰ ਗਰਮੀ ਦਾ ਰਿਕਾਰਡ ਟੁੱਟ ਗਿਆ। ਸਟਾਲ ਦੇ ਰਸਤੇ ਵਿੱਚ ਜਾਮ ਸੀ, ਪਰ ਲੋਕ ਆਰਾਮ ਨਾਲ ਪਾਣੀ ਪੀ ਕੇ ਸੜਕ 'ਤੇ ਨਿਕਲ ਆਏ। ਰਮਨ ਕੁਮਾਰ, ਜਸਵਿੰਦਰ ਸਿੰਘ, ਦੀਪਕ ਹਰੀਨਾਮ ਸਿੰਘ ਦੇ ਨਾਲ-ਨਾਲ ਨੇੜਲੇ ਇਲਾਕਿਆਂ ਦੇ ਦੁਕਾਨਦਾਰ ਵੀ ਸੇਵਾ ਕਰਨ ਵਾਲਿਆਂ ਵਿੱਚ ਸ਼ਾਮਲ ਸਨ।

## ਸੁਲਤਾਨਪੁਰ ਲੋਧੀ ਦਾਣਾਮੰਡੀ 'ਚ ਚੱਲੀ ਗੋਲੀ, ਇੱਕ ਜ਼ਖ਼ਮੀ

**ਫਗਵਾੜਾ /ਸ਼ਿਵ ਕੌੜਾ**

ਸੁਲਤਾਨਪੁਰ ਲੋਧੀ ਦੀ ਨਵੀਂ ਦਾਣਾ ਮੰਡੀ 'ਚ ਦੋ ਧਿਰਾਂ ਵਿਚਾਲੇ ਹਿੰਸਕ ਝੜਪ ਹੋ ਗਈ। ਇਸ ਦੌਰਾਨ ਇੱਕ ਧਿਰ ਵਲੋਂ ਗੋਲੀ ਚਲਾਏ ਜਾਣ ਕਾਰਨ ਇੱਕ ਨੌਜਵਾਨ ਜ਼ਖਮੀ ਹੋ ਗਿਆ। ਜਿਸ ਨੂੰ ਇਲਾਜ ਦੇ ਲਈ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਲਿਆਂਦਾ ਗਿਆ ਹੈ। ਪੁਲਿਸ ਪਾਰਟੀ ਮੌਕੇ 'ਤੇ ਪਹੁੰਚ ਗਈ ਹੈ ਅਤੇ ਜਾਂਚ 'ਚ ਜੁੱਟ ਗਈ ਹੈ। ਪੀੜਤ ਬੌਬੀ ਨੇ ਦੱਸਿਆ ਕਿ ਅਸੀਂ ਦਾਣਾ ਮੰਡੀ ਸੁਲਤਾਨਪੁਰ ਲੋਧੀ ਵਿਖੇ ਆਪਣੇ ਇੱਕ ਦੋਸਤ ਦੀ ਆੜਤ ਉੱਤੇ ਮੌਜੂਦ ਸੀ। ਇਸ ਦੌਰਾਨ ਸਾਡੇ ਇੱਕ ਦੋਸਤ ਨੂੰ ਫੋਨ ਆਇਆ ਕਿ ਤੁਹਾਡੇ ਨਾਲ ਕੋਈ ਗੱਲਬਾਤ ਹੈ। ਜਿਸ ਤੋਂ ਬਾਅਦ 10-12 ਨੌਜਵਾਨ ਵੱਖ-ਵੱਖ ਗੱਡੀਆਂ 'ਚ ਸਵਾਰ ਹੋ ਕੇ ਦਾਣਾ ਮੰਡੀ ਸਾਡੇ ਕੋਲ ਪਹੁੰਚ ਗਏ। ਜਿਨਾਂ ਦੇ ਨਾਲ ਸਾਡੀ ਬਹਿਸਬਾਜ਼ੀ ਹੋਈ ਅਤੇ ਉਹਨਾਂ ਵੱਲੋਂ ਸਾਡੇ ਨਾਲ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇਸ ਦੌਰਾਨ ਉਹਨਾਂ ਵਿੱਚ ਮੌਜੂਦ ਇੱਕ ਨੌਜਵਾਨ ਵੱਲੋਂ ਸਾਡੇ



ਵੱਲ ਗੋਲੀ ਚਲਾ ਦਿੱਤੀ ਗਈ। ਜੋ ਮੇਰੇ ਲੱਕ ਨੇੜੇ ਲੱਗੀ। ਇਸ ਘਟਨਾ ਤੋਂ ਬਾਅਦ ਸਾਰੇ ਨੌਜਵਾਨ ਮੌਕੇ ਤੋਂ ਫਰਾਰ ਹੋ ਗਏ ਅਤੇ ਮੈਨੂੰ ਮੇਰੇ ਦੋਸਤਾਂ ਵੱਲੋਂ ਸਿਵਿਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਲਿਆਂਦਾ ਗਿਆ। ਇਸ ਮੌਕੇ ਐਸ ਆਈ ਰਜਿੰਦਰ ਸਿੰਘ ਨੇ ਦੱਸਿਆ ਕਿ ਸਾਨੂੰ ਫੋਨ ਆਇਆ ਦਾਣਾ ਮੰਡੀ ਕੋਈ ਝਗੜਾ ਹੋ ਗਿਆ ਹੈ। ਇਸ ਸੰਬੰਧ ਵਿਚ ਅਸੀਂ ਸਿਵਲ ਹਸਪਤਾਲ ਪਹੁੰਚੇ ਤੇ ਦੇਖਿਆ ਕਿ ਇੱਕ ਵਿਅਕਤੀ ਜ਼ਖ਼ਮੀ ਹਾਲਾਤ ਵਿਚ ਹੈ। ਬੌਬੀ ਨਾਂ ਦੇ ਵਿਅਕਤੀ ਦੇ ਪਿੱਛੇ ਪਾਸੇ ਥੋੜਾ ਜਿਹਾ ਜ਼ਖ਼ਮ ਹੈ। ਜ਼ਖ਼ਮੀ ਨੂੰ ਇਲਾਜ ਲਈ ਡਾਕਟਰ ਦੂਜੇ ਹਸਪਤਾਲ ਰੈਫ਼ਰ ਕਰ ਦਿੱਤਾ ਹੈ। ਉਧਰ ਮਾਮਲੇ ਨੂੰ ਲੈ ਕੇ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਿਸ ਟੀਮ ਅਤੇ ਡੀਐਸਪੀ ਸੁਲਤਾਨਪੁਰ ਲੋਧੀ ਮੌਕੇ 'ਤੇ ਸਿਵਲ ਹਸਪਤਾਲ ਪਹੁੰਚ ਗਏ। ਪੁਲਿਸ ਵੱਲੋਂ ਪੀੜਤ ਦੇ ਬਿਆਨ ਹਾਸਿਲ ਕੀਤੀ ਜਾ ਰਹੇ ਹਨ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸਿਵਲ ਹਸਪਤਾਲ ਵਿਖੇ ਡਿਊਟੀ ਤੇ ਤੈਨਾਤ ਡਾਕਟਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਾਡੇ ਕੋਲ ਜ਼ਖਮੀ ਹਾਲਤ ਵਿੱਚ ਇੱਕ ਨੌਜਵਾਨ ਭਰਤੀ ਹੋਇਆ ਸੀ। ਜਿਸ ਨੂੰ ਮੁੱਢਲੀ ਸਹਾਇਤਾ ਦੇਣ ਮਗਰੋਂ ਕਪੂਰਥਲਾ ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਐਸਆਈ ਰਜਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਨੂੰ ਲੈ ਕੇ ਜਾਂਚ ਆਰੰਭ ਦਿੱਤੀ ਗਈ ਹੈ ਅਤੇ ਪੀੜਤ ਦੇ ਬਿਆਨਾ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਪ੍ਰਾਈਵੇਟ ਸਕੂਲਾਂ ਦੇ ਪ੍ਰੀ-ਪ੍ਰਾਇਮਰੀ ਵਿੰਗ ਤੇ ਨਿੱਜੀ ਪਲੇਅ-ਵੇਅ ਸਕੂਲਾਂ ਦੀ ਰਜਿਸਟਰੇਸ਼ਨ ਲਾਜ਼ਮੀ - ਬਾਲ ਵਿਕਾਸ ਪ੍ਰੋਜੈਕਟ ਅਫਸਰ

### 3-6 ਸਾਲ ਦੇ ਬੱਚਿਆਂ ਦਾ ਸਰਬਪੱਖੀ ਵਿਕਾਸ ਤੇ ਸੁਰੱਖਿਅਤ ਵਾਤਾਵਰਣ ਮੁਹੱਈਆ ਕਰਵਾਉਣਾ ਮੁੱਖ ਟੀਚਾ :- ਅਰਵਿੰਦਰ ਸਿੰਘ ਭੱਟੀ

**ਖੰਨਾ /ਲੁਧਿਆਣਾ, ਲਾਲ ਸਿੰਘ ਮਾਂਗਟ**

ਬਾਲ ਵਿਕਾਸ ਪ੍ਰੋਜੈਕਟ ਅਫਸਰ ਬਲਾਕ ਲੁਧਿਆਣਾ ਸ਼ਹਿਰੀ-1 ਅਰਵਿੰਦਰ ਸਿੰਘ ਭੱਟੀ ਵਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਸਾਰੇ ਨਿੱਜੀ ਸਕੂਲਾਂ ਦੇ ਪ੍ਰੀ-ਪ੍ਰਾਇਮਰੀ ਵਿੰਗ ਅਤੇ ਸਾਰੇ ਨਿੱਜੀ ਪਲੇਅ-ਵੇਅ ਸਕੂਲਾਂ ਦੀ ਰਜਿਸਟ?ਰੇਸ਼ਨ ਕਰਵਾਉਣਾ ਲਾਜ਼ਮੀ ਹੈ। ਉਹਨਾਂ ਕਿਹਾ ਕਿ 3-6 ਸਾਲ ਦੇ ਬੱਚਿਆਂ ਦੇ ਸਰਬਪੱਖੀ ਵਿਕਾਸ



ਅਤੇ ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਦੇਖਭਾਲ (ਈ.ਸੀ.ਸੀ.ਈ.) ਕੇਂਦਰਾਂ ਵਿੱਚ ਬੱਚਿਆਂ ਲਈ ਸੁਰੱਖਿਆਤ ਵਾਤਾਵਰਣ ਸਬੰਧੀ ਸਹੂਲਤਾਂ ਉਪਲੱਬਧ ਕਰਵਾਉਣ ਲਈ ਨਿੱਜੀ ਸਕੂਲ/ਸੰਸਥਾਂਵਾਂ/ਪਲੇਅ-ਵੇ ਸਕੂਲ ਜਲਦ ਤੋਂ ਜਲਦ ਰਜਿਸਟ?ਰੇਸ਼ਨ ਨੂੰ ਯਕੀਨੀ ਬਣਾਉਣ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰਾਈਵੇਟ ਪਲੇਅ-ਵੇਅ ਸਕੂਲਾਂ/ਸੰਸਥਾਂਵਾਂ ਦੀ ਰਜਿਸਟ?ਰੇਸ਼ਨ ਲਈ ਬਿਨੈਕਾਰਾਂ ਨੂੰ ਫਾਰਮ ਨੰਬਰ-1 ਭਰਨਾ ਹੋਵੇਗਾ ਜੋ ਕਿ ਜਿਲਾ ਪ੍ਰੋਗਰਾਮ ਅਫਸਰ ਜਾਂ ਸੀ.ਡੀ.ਪੀ.ਓ. ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਇਹ ਰਜਿਸਟ?ਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ ਅਤੇ ਵਿਭਾਗ ਦੇ ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ ਦੇ ਅਧਿਕਾਰੀਆਂ ਵਲੋਂ ਇਨ੍ਹਾਂ ਨਿੱਜੀ ਸੰਸਥਾਂਵਾਂ/ਪਲੇਅ-ਵੇਅ ਸਕੂਲਾਂ ਦਾ ਅਚਨਚੇਤ ਦੌਰਾ ਕੀਤਾ ਜਾਵੇਗਾ ਅਤੇ ਜੋ ਸੰਸਥਾਂਵਾਂ ਈ.ਸੀ.ਸੀ.ਈ. ਪਾਲਿਸੀ ਦੇ ਮਾਪਦੰਡ ਨੂੰ ਪੂਰਾ ਨਹੀਂ ਕਰਨਗੀਆਂ ਉਨ੍ਹਾਂ ਵਿਰੁੱਧ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਲੁਧਿਆਣੇ ਦੀ ਜਿਮਨੀ ਚੋਣ ਵਿੱਚ ਕਾਗਰਸੀ ਉਮੀਦਵਾਰ ਆਸ਼ੂ ਵੱਡੇ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ : ਸਿੱਕੀ

**ਫਤਿਆਬਾਦ - ( ਹੀਰਾ ਸਿੰਘ ਸੇਠੀ )**

ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਫਤਿਆਬਾਦ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੁਧਿਆਣਾ ਦੀ ਜਿਮਨੀ ਚੋਣ ਵਿੱਚ ਕਾਗਰਸ ਦੇ ਉਮੀਦਵਾਰ ਦੀ ਸਪਸ਼ਟ



ਜਿੱਤ ਨੂੰ ਵੇਖ ਕੇ ਘਬਰਾਈ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਰਾਜ ਸੱਤਾ ਦਾ ਗਲਤ ਇਸਤੇਮਾਲ ਕਰਕੇ ਕਾਗਰਸ ਪਾਰਟੀ ਦੇ ਹਲਕਾ ਲੁਧਿਆਣਾ ਤੋਂ ਉਮੀਦਵਾਰ ਸ੍ਰੀ ਭਾਰਤ ਭੂਸ਼ਣ ਆਸ਼ੂ ਨੂੰ ਆਪਣੀਆਂ ਏਜੰਸੀਆਂ ਰਾਹੀ ਡਰਾ ਧਮਕਾ ਕੇ ਉਨਾ ਨੂੰ ਨੁਕਰੇ ਲਾਉਣ ਦੇ ਕੋਝੇ ਹਥਕੰਡੇ ਅਪਣਾ ਰਹੀ ਹੈ ਪਰ ਮਾਨਯੋਗ ਅਦਾਲਤ ਵਲੋਂ ਉਨਾ ਨੂੰ ਮਿਲੀ ਜਮਾਨਤ ਨੇ ਭਗਵੰਤ ਮਾਨ ਦੇ ਘਿਨੌਨੇ ਕਾਰੇ ਨੂੰ ਮੂੰਹ ਤੋੜਵਾ ਜੁਆਬ ਦੇਣ ਨਾਲ ਲੋਕਾਂ ਦੀ ਹਮਦਰਦੀ ਸਗੋ ਭਾਰਤ ਭੂਸ਼ਣ ਆਸ਼ੂ ਨਾਲ ਹੋਰ ਵਧ ਗਈ ਹੈ ਜਿਸ ਦੇ ਸਿੱਟੇ ਵਜੋ ਕਾਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਭਾਰਤ ਭੂਸ਼ਣ ਆਸ਼ੂ ਵੱਡੇ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਦੱਸਿਆ ਕਿ ਹਲਕੇ ਦੇ ਜਿਨਾ ਪਿੰਡਾ ਚ ਸਾਡੀ ਪ੍ਰਚਾਰ ਕਰਨ ਲਈ ਡਿਊਟੀ ਲੱਗੀ ਹੈ ਉਨਾ ਪਿੰਡਾਂ ਵਿੱਚ ਕਾਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਆਸ਼ੂ ਬਹੁਤ ਵੱਡੀ ਲੀਡ ਨਾਲ ਜਿੱਤਣਗੇ। ਇਸ ਮੌਕੇ ਤੇ ਹਲਕਾ ਖਡੂਰ ਸਾਹਿਬ ਤੋ ਵੱਡੀ ਗਿਣਤੀ ਵਿੱਚ ਕਾਗਰਸ ਪਾਰਟੀ ਦੇ ਆਗੂ ਉਨਾ ਦੇ ਨਾਲ ਗਏ ਹਨ।

## ਚੰਡੀਗੜ੍ਹ ਡਾਕਘਰ ਨੇ ਅੰਤਰਰਾਸ਼ਟਰੀ ਪਾਰਸਲਾਂ ਲਈ ਮੌਕੇ 'ਤੇ ਕਸਟਮ ਕਲੀਅਰੈਂਸ ਦੀ ਕੀਤੀ ਸ਼ੁਰੂਆਤ

**ਚੰਡੀਗੜ੍ਹ - ( ਅਸ਼ੋਕ ਜੋਸ਼ੀ )-**

ਡਾਕ ਵਿਭਾਗ ਨਵੀਨਤਾਕਾਰੀ ਹੱਲਾਂ ਅਤੇ ਉੱਨਤ ਤਕਨਾਲੋਜੀਆਂ ਨੂੰ ਅਪਣਾ ਕੇ ਆਪਣੀਆਂ ਸੇਵਾ ਸਮਰੱਥਾਵਾਂ ਦਾ ਵਿਸਤਾਰ ਕਰ ਰਿਹਾ ਹੈ, ਜਿਸ ਨਾਲ ਦੇਸ਼ ਦੇ ਹਰ ਕੋਨੇ ਤੱਕ ਇਸਦੀ ਪਹੁੰਚ ਵਧ ਰਹੀ ਹੈ। ਆਪਣੇ ਆਲਮੀ ਸੇਵਾ ਨੈੱਟਵਰਕ ਦੇ ਹਿੱਸੇ ਵਜੋਂ, ਅੰਤਰਰਾਸ਼ਟਰੀ ਪਾਰਸਲ ਡਿਲੀਵਰੀ ਵਰਤਮਾਨ ਵਿੱਚ ਦੁਨੀਆ ਭਰ ਦੇ 219 ਦੇਸ਼ਾਂ ਅਤੇ ਪ੍ਰਦੇਸ਼ਾਂ ਵਿੱਚ ਉਪਲਬਧ ਹੈ। ਵੱਖ-ਵੱਖ ਸਰਕਾਰੀ ਵਿਭਾਗਾਂ ਨਾਲ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਅਤੇ ਸੰਚਾਲਨ ਕੁਸ਼ਲਤਾ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ, ਸੈਕਟਰ-17 ਚੰਡੀਗੜ੍ਹ ਜਨਰਲ ਡਾਕਘਰ ਨੇ ਬੁੱਕ ਕੀਤੇ ਅੰਤਰਰਾਸ਼ਟਰੀ ਪਾਰਸਲਾਂ ਲਈ ਮੌਕੇ 'ਤੇ ਕਸਟਮ ਕਲੀਅਰੈਂਸ ਦੀ ਸਹੂਲਤ ਸ਼ੁਰੂ ਕੀਤੀ ਹੈ। ਹੁਣ ਤੱਕ ਇਹ ਪ੍ਰਕਿਰਿਆ ਨਵੀਂ ਦਿੱਲੀ ਰਾਹੀਂ ਹੁੰਦੀ ਸੀ, ਜਿਸ ਕਾਰਨ ਅਕਸਰ ਦੇਰੀ ਹੁੰਦੀ ਸੀ। ਪਰ ਹੁਣ ਚੰਡੀਗੜ੍ਹ GPO ਵਿਖੇ ਵਿਦੇਸ਼ੀ ਡਾਕਘਰ ਦੀ ਸਥਾਪਨਾ ਦੇ ਨਾਲ, ਕਲੀਅਰੈਂਸ ਪ੍ਰਕਿਰਿਆ ਤੇਜ਼, ਸਰਲ ਅਤੇ ਵਧੇਰੇ ਸੁਵਿਧਾਜਨਕ ਹੋ ਗਈ ਹੈ, ਜੋ ਤੇਜ਼ ਡਿਲੀਵਰੀ ਅਤੇ ਬਿਹਤਰ ਗਾਹਕ ਸੰਤੁਸ਼ਟੀ ਨੂੰ ਯਕੀਨੀ ਬਣਾਉਂਦੀ ਹੈ। ਪਾਰਸਲ ਬੁਕਿੰਗ ਅਨੁਭਵ ਨੂੰ ਹੋਰ ਆਸਾਨ ਬਣਾਉਣ ਲਈ, ਚੰਡੀਗੜ੍ਹ GPO ਵਿਖੇ ਘਰੇਲੂ ਅਤੇ ਅੰਤਰਰਾਸ਼ਟਰੀ




ਦੋਵਾਂ ਸ਼ਿਪਮੈਂਟਾਂ ਲਈ ਕਿਫਾਇਤੀ ਖਰਚਿਆਂ 'ਤੇ ਇੱਕ ਸਮਰਪਿਤ ਪਾਰਸਲ ਪੈਕੇਜਿੰਗ ਸਹੂਲਤ ਵੀ ਸ਼ੁਰੂ ਕੀਤੀ ਗਈ ਹੈ। ਬੁਕਿੰਗ ਕਾਊਂਟਰ ਰੋਜ਼ਾਨਾ ਸਵੇਰੇ 9:00 ਵਜੇ ਤੋਂ ਸ਼ਾਮ 8:00 ਵਜੇ ਤੱਕ ਕੰਮ ਕਰਦੇ ਹਨ, ਜਦੋਂ ਕਿ ਐਤਵਾਰ ਨੂੰ ਇਹ ਸੇਵਾ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਉਪਲਬਧ ਹੁੰਦੀ ਹੈ, ਜੋ ਨਾਗਰਿਕਾਂ ਨੂੰ ਵਧੇਰੇ ਸਹੂਲਤ ਪ੍ਰਦਾਨ ਕਰਦੀ ਹੈ। ਡਾਕ ਸੇਵਾਵਾਂ ਤੋਂ ਇਲਾਵਾ, ਚੰਡੀਗੜ੍ਹ ਜੀਪੀਓ ਉੱਨਤ ਬੈਂਕਿੰਗ, ਬੀਮਾ ਅਤੇ ਫ਼ਿਲੇਟਲੀ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵੀ ਪ੍ਰਦਾਨ ਕਰ ਰਿਹਾ ਹੈ। ਨਾਗਰਿਕ ਹੁਣ ਇੰਟਰਨੈੱਟ ਬੈਂਕਿੰਗ, ਐੱਨਈਐੱਫਟੀ/ਆਰਟੀਜੀਐੱਸ, ਆਵਰਤੀ ਜਮ?ਹਾਂ ਰਕਮ (ਆਰਡੀ), ਪਬਲਿਕ ਪ੍ਰੋਵੀਡੈਂਟ ਫੰਡ (ਪੀਪੀਐੱਫ), ਸੁਕੰਨਿਆ ਸਮ੍ਰਿਧੀ ਖਾਤਾ (ਐਸਐਸਏ), ਅਤੇ ਇੰਡੀਆ ਪੋਸਟ ਪੇਮੈਂਟਸ ਬੈਂਕ ਰਾਹੀਂ ਡਾਕ ਜੀਵਨ ਬੀਮਾ (ਪੀਐਲਆਈ) ਅਤੇ ਪੇਂਡੂ ਡਾਕ ਜੀਵਨ ਬੀਮਾ (ਆਰਪੀਐਲਆਈ) ਲਈ ਔਨਲਾਈਨ ਪ੍ਰੀਮੀਅਮ ਭੁਗਤਾਨ ਦਾ ਲਾਭ ਲੈ ਸਕਦੇ ਹਨ। ਸੀਨੀਅਰ ਸਿਟੀਜ਼ਨ ਬੱਚਤ ਸਕੀਮ, ਮਾਸਿਕ ਆਮਦਨ ਯੋਜਨਾ, ਐਨਐਸਸੀ, ਕੇਵੀਪੀ ਅਤੇ ਮਿਆਦੀ ਜਮ?ਹਾਂ ਵਰਗੀਆਂ ਛੋਟੀਆਂ ਬੱਚਤ ਸਕੀਮਾਂ ਵੀ ਆਕਰਸ਼ਕ ਵਿਆਜ ਦਰਾਂ ਦੇ ਨਾਲ ਉਪਲਬਧ ਹਨ। ਇਸ ਤੋਂ ਇਲਾਵਾ, ਚੰਡੀਗੜ੍ਹ ਜੀਪੀਓ ਹੋਰ ਮੁੱਖ ਨਾਗਰਿਕ-ਕੇਂਦ੍ਰਿਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਵੀ ਸਰਗਰਮੀ ਨਾਲ ਸ਼ਾਮਲ ਹੈ, ਜਿਸ ਵਿੱਚ ਆਧਾਰ ਨਾਮਾਂਕਣ ਅਤੇ ਅੱਪਡੇਟ, ਰੇਲਵੇ ਟਿਕਟ ਬੁਕਿੰਗ (ਐਤਵਾਰ ਨੂੰ ਵੀ), ਪੰਜਾਬ ਯੂਨੀਵਰਸਿਟੀ ਫੀਸ ਜਮ?ਹਾਂ, ਆਧਾਰ ਸਮਰੱਥ ਭੁਗਤਾਨ ਪ੍ਰਣਾਲੀ (ਏਈਪੀਐਸ) ਸੇਵਾਵਾਂ ਅਤੇ ਹੋਰ ਬਹੁਤ ਸਾਰੀਆਂ ਸ਼ਾਮਲ ਹਨ।

## ਉਦਯੋਗਪਤੀਆਂ ਨੇ ਪੰਜਾਬ ਦੀਆਂ ਪ੍ਰਗਤੀਸ਼ੀਲ ਨੀਤੀਆਂ ਦੀ ਕੀਤੀ ਸ਼ਲਾਘਾ, ਵਿਕਾਸ ਸਬੰਧੀ ਸੂਬੇ ਦੀ ਅਥਾਹ ਸੰਭਾਵਨਾ 'ਤੇ ਭਰੋਸਾ ਪ੍ਰਗਟਾਇਆ

ਮੋਹਾਲੀ - ( ਅਸ਼ੋਕ ਜੋਸ਼ੀ )-

ਪ੍ਰਮੁੱਖ ਉਦਯੋਗਪਤੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਪ੍ਰਗਤੀਸ਼ੀਲ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ ਹੈ, ਜਿਸ ਵਿੱਚ ਸੂਬੇ ਦੀ ਅਥਾਹ ਸੰਭਾਵਨਾ ਰਾਹੀਂ ਇਸ ਨੂੰ ਨਿਵੇਸ਼ ਲਈ ਪਸੰਦੀਦਾ ਸਥਾਨ ਵਜੋਂ ਉਜਾਗਰ ਕੀਤਾ ਗਿਆ ਹੈ। ਇੱਥੇ ਮੋਹਾਲੀ ਵਿਖੇ ਅੱਜ ਹੋਏ ਵਿਚਾਰ-ਵਟਾਂਦਰੇ ਦੌਰਾਨ ਪ੍ਰਮੁੱਖ ਕੰਪਨੀਆਂ ਦੇ ਉੱਚ ਕਾਰਜਕਾਰੀ ਅਧਿਕਾਰੀਆਂ ਨੇ ਪ੍ਰਵਾਨਗੀਆਂ ਨੂੰ ਸੁਚਾਰੂ ਬਣਾਉਣ, ਨੌਕਰਸ਼ਾਹੀ ਰੁਕਾਵਟਾਂ ਨੂੰ ਘਟਾਉਣ ਅਤੇ ਉਦਯੋਗ ਪੱਖੀ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

*ਵਿਸਥਾਰ ਲਈ ਜੇ.ਐਸ.ਡਬਲਯੂ. ਡਿਫੈਂਸ ਦੀ ਪੰਜਾਬ 'ਤੇ ਨਜ਼ਰ*

ਜੇ.ਐਸ.ਡਬਲਯੂ. ਡਿਫੈਂਸ ਦੇ ਸੀਨੀਅਰ ਪ੍ਰਤੀਨਿਧੀ ਸ੍ਰੀ ਜਸਕੀਰਤ ਸਿੰਘ ਨੇ ਕਿਹਾ ਕਿ ਕੰਪਨੀ ਆਪਣੀਆਂ ਵਿਸਥਾਰ ਯੋਜਨਾਵਾਂ ਲਈ ਪੰਜਾਬ ਬਾਰੇ ਰਗਰਮੀ ਨਾਲ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਹਾ, ÷ਅਸੀਂ ਹਾਲ ਹੀ ਵਿੱਚ ਭਾਰਤੀ ਫੌਜ ਨੂੰ ਵਾਹਨ ਪ੍ਰਦਾਨ ਕੀਤੇ ਹਨ ਅਤੇ ਹੁਣ ਅਸੀਂ ਹੋਰ ਵਿਸਥਾਰ ਕਰਨ ਦੇ ਇੱਛੁਕ ਹਾਂ। ਪੰਜਾਬ ਦੀਆਂ ਵਿਲੱਖਣ ਅਤੇ ਪ੍ਰਗਤੀਸ਼ੀਲ ਨੀਤੀਆਂ ਨੇ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰ ਦਿੱਤਾ ਹੈ, ਜਿਸ ਨਾਲ ਪੰਜਾਬ ਉਦਯੋਗਿਕ ਵਿਕਾਸ ਲਈ ਇੱਕ ਪਸੰਦੀਦਾ ਸਥਾਨ ਬਣ ਗਿਆ ਹੈ।÷ ਸ੍ਰੀ ਸਿੰਘ ਨੇ ਪੰਜਾਬ ਦੇ ਉਦਯੋਗਿਕ ਪੁਨਰ ਵਿਕਾਸ ਵਿੱਚ ਵਿਸ਼ਵਾਸ ਪ੍ਰਗਟ ਕਰਦਿਆਂ ਸੂਬਾ ਸਰਕਾਰ ਦੀਆਂ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ।

*ਨੈੱਟਮੈਡਜ਼ ਦੇ ਸੀ.ਈ.ਓ. ਵੱਲੋਂ ਸਿੰਗਲ-ਵਿੰਡੋ ਸਿਸਟਮ ਦੀ ਸ਼ਲਾਘਾ*

ਨੈੱਟਮੈਡਜ਼ ਦੇ ਸੀ.ਈ.ਓ. ਅਤੇ ਸਹਿ-ਸੰਸਥਾਪਕ ਸ੍ਰੀ ਮਨੀਪਾਲ ਧਾਰੀਵਾਲ ਨੇ ਪੰਜਾਬ ਦੀ ਨਵੀਂ ਉਦਯੋਗਿਕ ਨੀਤੀ ਵਿੱਚ ਭਰਪੂਰ ਵਿਸ਼ਵਾਸ ਪ੍ਰਗਟ ਕੀਤਾ। ਉਨ੍ਹਾਂ ਕਿਹਾ, 'ਜੇਕਰ ਸਿੰਗਲ-ਵਿੰਡੋ ਸਿਸਟਮ ਨੂੰ ਸਹੀ ਅਰਥਾਂ ਵਿੱਚ ਲਾਗੂ ਕੀਤਾ ਜਾਂਦਾ ਹੈ ਤਾਂ ਇਹ ਬੇਹੱਦ ਲਾਹੇਬੰਦ ਸਾਬਤ ਹੋਵੇਗਾ। 45 ਦਿਨਾਂ ਵਿੱਚ ਪ੍ਰਵਾਨਗੀ ਦੀ ਧਾਰਨਾ ਵਿਸ਼ੇਸ਼ ਤੌਰ 'ਤੇ ਸ਼ਲਾਘਾਯੋਗ ਹੈ।' ਪਿਛਲੀਆਂ ਚੁਣੌਤੀਆਂ ਨੂੰ ਸਵੀਕਾਰ ਕਰਦਿਆਂ ਸ੍ਰੀ ਧਾਰੀਵਾਲ ਨੇ ਨੀਤੀ ਦੇ ਵਿਵਹਾਰਕ ਅਮਲ ਸਬੰਧੀ ਭਰੋਸਾ ਜਤਾਇਆ ਅਤੇ ਕਿਹਾ ਕਿ ਇਹ



ਕਈ ਪ੍ਰਵਾਨਗੀਆਂ ਦੀ ਜ਼ਰੂਰਤ ਨੂੰ ਖਤਮ ਕਰ ਦੇਵੇਗਾ।

ਸਰਸਵਤੀ ਐਗਰੋਕੈਮੀਕਲਜ਼ ਡੀਮਡ ਪ੍ਰਵਾਨਗੀਆਂ ਨੂੰ ਕੀਤਾ ਉਜਾਗਰ

ਸਰਸਵਤੀ ਐਗਰੋਕੈਮੀਕਲਜ਼ ਦੇ ਡਾਇਰੈਕਟਰ ਸ੍ਰੀ ਅਭੀ ਬਾਂਸਲ ਨੇ ਨਵੀਂ ਨੀਤੀ ਤਹਿਤ ਡੀਮਡ ਪ੍ਰਵਾਨਗੀਆਂ ਦੇ ਫਾਇਦਿਆਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ, 'ਸੂਬਾ ਸਰਕਾਰ ਨੇ ਨੌਕਰਸ਼ਾਹੀ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ ਇੱਕ ਦਲੇਰਾਨਾ ਕਦਮ ਚੁੱਕਿਆ ਹੈ। ਇਸ ਨਾਲ ਕਾਰੋਬਾਰੀ ਕਾਰਜ ਕਾਫ਼ੀ ਆਸਾਨ ਹੋ ਜਾਣਗੇ ਅਤੇ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ।'

*ਸੁਖਜੀਤ ਸਟਾਰਚ ਐਂਡ ਕੈਮੀਕਲਜ਼ ਨੇ ਸਮਾਂਬੱਧ ਪ੍ਰਣਾਲੀ ਲਈ ਸਰਕਾਰ ਨੂੰ ਦਿੱਤੀ ਵਧਾਈ*

ਸੁਖਜੀਤ ਸਟਾਰਚ ਐਂਡ ਕੈਮੀਕਲਜ਼ ਤੋਂ ਸ੍ਰੀ ਭਵਦੀਪ ਸਰਦਾਨਾ ਨੇ ਪੰਜਾਬ ਸਰਕਾਰ ਨੂੰ ਸਮਾਂਬੱਧ ਪ੍ਰਵਾਨਗੀ ਵਿਧੀ ਸ਼ੁਰੂ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ, 'ਸਾਡੇ ਸਾਰੇ ਸੁਝਾਅ ਨਵੀਂ ਨੀਤੀ ਵਿੱਚ ਸ਼ਾਮਲ ਕੀਤੇ ਗਏ ਹਨ। ਸਾਰੇ ਭਾਈਵਾਲ ਵਿਭਾਗਾਂ ਨੂੰ ਇੱਕ ਪਲੇਟਫਾਰਮ ਵਿੱਚ ਜੋੜਨ ਦੇ ਨਾਲ ਪੰਜਾਬ ਮੁੜ ਖੁਸ਼ਹਾਲ ਉਦਯੋਗਿਕ ਮਾਹੌਲ ਸਿਰਜਣ ਲਈ ਪੂਰੀ ਤਰ੍ਹਾਂ ਤਿਆਰ ਹੈ।'

**ਅਰੋੜਾ ਏ.ਡੀ.ਐਮ.ਐਸ. ਲੁਧਿਆਣਾ ਨੇ ਇੱਕ ਵਾਰ ਇਤਰਾਜ਼ ਵਿਧੀ ਦੀ ਕੀਤੀ ਸ਼ਲਾਘਾ**

ਅਰੋੜਾ ਏ.ਡੀ.ਐਮ.ਐਸ. ਲੁਧਿਆਣਾ ਤੋਂ ਸ੍ਰੀ ਰਮਿੰਦਰਪਾਲ ਸਿੰਘ ਨੇ ਇਕ ਵਾਰ ਇਤਰਾਜ਼ ਵਿਧੀ ਦੇ ਲਾਗੂਕਰਨ ਸਬੰਧੀ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, 'ਇਹ ਕ੍ਰਾਂਤੀਕਾਰੀ ਕਦਮ ਸਮੁੱਚੀ ਪ੍ਰਵਾਨਗੀ ਪ੍ਰਣਾਲੀ ਨੂੰ ਬਦਲ ਦੇਵੇਗਾ। ਇਹ ਸੱਚਮੁੱਚ ਇੱਕ ਸ਼ਲਾਘਾਯੋਗ ਕਦਮ ਹੈ, ਜੋ ਕਾਰੋਬਾਰ ਕਰਨ ਵਿੱਚ ਆਸਾਨੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।' ਉਦਯੋਗਪਤੀਆਂ ਦਾ ਸਮੂਹਿਕ ਭਰੋਸਾ ਪੰਜਾਬ ਦੇ ਉਦਯੋਗਿਕ ਹੱਬ ਵਜੋਂ ਉਭਰਨ ਦੀ ਗਵਾਹੀ ਭਰਦਾ ਹੈ। ਪ੍ਰਗਤੀਸ਼ੀਲ ਨੀਤੀਆਂ, ਆਸਾਨ ਪ੍ਰਵਾਨਗੀਆਂ ਅਤੇ ਇੱਕ ਜਵਾਬਦੇਹ ਪ੍ਰਸ਼ਾਸਨ ਦੇ ਨਾਲ, ਪੰਜਾਬ ਮਹੱਤਵਪੂਰਨ ਨਿਵੇਸ਼ਾਂ ਨੂੰ ਆਕਰਸ਼ਿਤ ਕਰਨ ਅਤੇ ਆਰਥਿਕ ਵਿਕਾਸ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਜਾਣ ਲਈ ਪੂਰੀ ਤਰ੍ਹਾਂ ਤਿਆਰ ਹੈ।

# ਗੁਰਦੁਆਰਾ ਅਰਦਾਸ ਪੁਰਾ ਸਾਹਿਬ ਪਿੰਡ ਕੱਦੋਂ ਵਿਖੇ ਸਾਲਾਨਾ ਗੁਰਮਤਿ ਸਮਾਗਮ 12 ਜੂਨ ਤੋਂ

**ਦੋਰਾਹਾ, ਲਾਲ ਸਿੰਘ ਮਾਂਗਟ**

ਮੀਰੀ ਪੀਰੀ ਦੇ ਮਾਲਕ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਅਰਦਾਸ ਪੁਰਾ ਸਾਹਿਬ ਪਿੰਡ ਕੱਦੋਂ ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਗੁਰਮਤਿ ਸਮਾਗਮ ਮਿਤੀ 12 ਜੂਨ ਤੋਂ 15 ਜੂਨ ਤੱਕ ਕਰਵਾਇਆ ਜਾ ਰਿਹਾ ਹੈ। ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਹਰਨੇਕ ਸਿੰਘ ਨੇਕੀ ਕੱਦੋਂ ਨੇ ਦੱਸਿਆ ਕਿ 12



ਤੋਂ 14 ਜੂਨ ਤੱਕ ਸ੍ਰੀ ਮਾਨ ਸੰਤ ਬਾਬਾ ਭੁਪਿੰਦਰ ਸਿੰਘ ਜੀ ਜਰਗ (ਰਾੜਾ ਸਾਹਿਬ) ਵਾਲੇ ਸਵੇਰੇ 9 ਵਜੇ ਤੋਂ 12 ਵਜੇ ਤੱਕ ਗੁਰਬਾਣੀ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਮਿਤੀ 15 ਜੂਨ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ ਉਪਰੰਤ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਜਾਣਗੇ। ਇਹ ਸੁੰਦਰ ਦਸਤਾਰ ਮੁਕਾਬਲੇ 5 ਸਾਲ ਤੋਂ 10 ਸਾਲ, 11 ਤੋਂ 15 ਸਾਲ ਅਤੇ 16 ਤੋ 20 ਸਾਲ ਵਰਗ ਤੱਕ ਦੇ ਬੱਚਿਆਂ ਵਿੱਚ ਹੋਣਗੇ। ਗੁਰੂ ਦਾ ਲੰਗਰ ਅਤੁੱਟ ਵਰਤੇਗਾ।

# ਮਿਲਾਵਟਖੋਰੀ ਕਰਨ ਵਾਲਿਆਂ ਵਿਰੁੱਧ ਕੀਤੀ ਜਾ ਰਹੀ ਸ਼ਖਤ ਕਾਰਵਾਈ - ਅਸਿਸਟੈਂਟ ਕਮਿਸ਼ਨਰ ਰਜਿੰਦਰ ਪਾਲ ਸਿੰਘ

**ਅੰਮ੍ਰਿਤਸਰ**

ਰਾਜਪਾਲ ਇੰਟਰਨੈਸ਼ਨਲ ਗੈਲਰੀ ਆਫ ਫਾਇਨ ਆਰਟ ਵੱਲੋਂ ਉਘੇ ਆਰਟਿਸਟ ਰਾਜਪਾਲ ਸੁਲਤਾਨ ਦੀ ਅਗਵਾਈ ਵਿੱਚ ਅਸਿਸਟੈਂਟ ਕਮਿਸ਼ਨਰ ਫੂਡ ਸੇਫਟੀ ਕਮ ਡੈਸਿਗਨੇਟਿਡ ਅਫਸਰ (ਫੂਡ ਸੇਫਟੀ) ਰਜਿੰਦਪਾਲ ਸਿੰਘ ਨੂੰ ਵਧੀਆ ਸੇਵਾਵਾਂ ਲਈ ਵਿਸ਼ੇਸ਼ ਤੌਰ ‘ਤੇ ਭੋਲੇ ਭੰਡਾਰੀ ਸ਼ਿਵ ਸ਼ੰਕਰ ਦੀ ਹੱਥ ਨਾਲ ਬਣੀ ਪੇਂਟਿੰਗ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ ‘ਤੇ ਅੰਮ੍ਰਿਤਸਰ ਦੇਹਾਤੀ ਪੁਲਿਸ ਦੇ ਡੀ.ਐਸ.ਪੀ ਧਰਮਿੰਦਰ ਕਲਿਆਣ,ਐਚ.ਐਮ ਹਿਊਮਨ



ਰਾਈਟਸ ਵੈਲਫੇਅਰ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਦੀਪਕ ਕੁਮਾਰ ਮਿੰਟੂ,ਪੀ.ਐਸ.ਓ ਜਗੀਰ ਸਿੰਘ,ਕੰਵਲਜੀਤ ਸਿੰਘ ਵਾਲੀਆ ਆਦਿ ਹਾਜ਼ਰ ਸਨ।ਇਸ ਮੌਕੇ ਰਾਜਪਾਲ ਸੁਲਤਾਨ ਨੇ ਕਿਹਾ ਕਿ ਰਜਿੰਦਰ ਪਾਲ ਸਿੰਘ ਅਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾ ਰਹੇ ਹਨ,ਅਜਿਹੇ ਅਫਸਰਾਂ ਤੇ ਹਮੇਸ਼ਾ ਸਾਨੂੰ ਮਾਨ ਰਿਹਾ ਹੈ।ਇਸ ਮੌਕੇ ਰਜਿੰਦਰ ਪਾਲ ਸਿੰਘ ਨੇ ਕਿਹਾ ਕਿ ਸਿਹਤ ਮੰਤਰੀ ਪੰਜਾਬ,ਸਿਵਲ ਸਰਜਨ ਅੰਮ੍ਰਿਤਸਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਨਾ ਕਰਦੇ ਹੋਏ ਮਿਲਾਵਟਖੋਰੀ ਕਰਨ ਵਾਲਿਆਂ ਵਿਰੁੱਧ ਸ਼ਖਤ ਕਾਰਵਾਈ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਲੱਗੇ ਕਿ ਕੋਈ ਦੁਕਾਨਦਾਰ ਜਾਂ ਵਪਾਰੀ ਜਾਂ ਹੋਰ ਖਾਣ-ਪੀਣ ਵਾਲੀਆਂ ਵਸਤੂਆਂ ਵਿੱਚ ਮਿਲਾਵਟਖੋਰੀ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ ਤਾਂ ਉਸਦੀ ਸ਼ਿਕਾਇਤ ਤੁਰੰਤ ਸਿਵਲ ਸਰਜਨ ਦਫਤਰ ਅੰਮ੍ਰਿਤਸਰ ਨੂੰ ਦਿੱਤੀ ਜਾਵੇ।

# ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ (ਪਹਿਲਾ ਸਾਲ) ਦਾ ਸ਼ਾਨਦਾਰ 100 ਫ਼ੀਸਦੀ ਨਤੀਜਾ

**ਬੰਗਾ/ਜਗਦੀਸ਼ ਲਾਲ ਕਲਸੀ**

ਪੰਜਾਬ ਦੇ ਪੇਡੂ ਖੇਤਰ ਦੇ ਪ੍ਰਸਿੱਧ ਨਰਸਿੰਗ ਵਿਦਿਅਕ ਅਦਾਰੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਕਲਾਸ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ (ਪਹਿਲਾ ਸਾਲ) ਦਾ ਸ਼ਾਨਦਾਰ ਸੌ ਫੀਸਦੀ ਨਤੀਜਾ ਆਇਆ ਹੈ। ਇਸ ਦੀ ਜਾਣਕਾਰੀ ਦਿੰਦੇ ਮੈਡਮ ਰਮਨਦੀਪ ਕੌਰ ਕੰਗ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਦੱਸਿਆ ਕਿ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ ਕਲਾਸ ਵਿਚੋਂ ਪਹਿਲਾ ਸਥਾਨ ਸਾਂਝੇ ਤੌਰ ’ਤੇ ਦੋ ਵਿਦਿਆਰਥਣਾਂ ਹਰਨੀਤ ਕੌਰ -ਪੁੱਤਰੀ ਸ. ਅਜਮੇਰ ਸਿੰਘ- ਸ੍ਰੀਮਤੀ ਸਰਬਜੀਤ ਕੌਰ ਪਿੰਡ ਸੁੱਜੋ ਅਤੇ ਸਿਮਰਨਜੀਤ ਕੌਰ ਪੁੱਤਰੀ ਸ੍ਰੀ ਜਸਵਿੰਦਰ ਲਾਲ-ਸ੍ਰੀਮਤੀ ਬਲਜੀਤ ਕੌਰ ਪਿੰਡ ਲਧਾਣਾ ਝਿੱਕਾ ਨੇ ਸ਼ਾਨਦਾਰ ਅੰਕ ਪ੍ਰਾਪਤ



ਨਰਸਿੰਗ ਕਾਲਜ ਢਾਹਾਂ ਕਲੇਰਾਂ ਦੀ ਕਲਾਸ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ (ਪਹਿਲਾ ਸਾਲ) ਦੇ ਟੌਪਰ ਵਿਦਿਆਰਥੀ

ਕਰਕੇ ਕੀਤਾ। ਜਦ ਕਿ ਦੂਜਾ ਸਥਾਨ ਸਕੀਨਾ ਬੰਗੜ ਪੁੱਤਰੀ ਸ੍ਰੀ ਸਰਵਜੀਤ- ਸ੍ਰੀਮਤੀ ਅਮਰਜੀਤ ਕੌਰ ਦੇਨੋਵਾਲ ਕਲਾਂ ਪ੍ਰਾਪਤ ਕਰਕੇ ਕੀਤਾ । ਇਸੇ ਤਰ੍ਹਾਂ ਤੀਜਾ ਸਥਾਨ ਰਾਜਨ ਪੁੱਤਰੀ ਸ੍ਰੀ.ਲੱਛਮਣ-ਸ੍ਰੀਮਤੀ ਹਰਕੰਵਲਜੀਤ ਰਾਣੀ ਪਿੰਡ ਖਮਾਚੋਂ ਨੇ ਹਾਸਲ ਕੀਤਾ ਹੈ। ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਨੇ ਸਮੂਹ ਮੈਂਬਰਾਂ ਵੱਲੋਂ ਕਲਾਸ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ (ਪਹਿਲਾ ਸਾਲ) ਦੇ ਸ਼ਾਨਦਾਰ ਨਤੀਜੇ ਲਈ ਸਮੂਹ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਹਨ।

ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਨੇਹਾ ਰਾਣੀ ਕਲਾਸ ਇੰਚਾਰਜ, ਮੈਡਮ ਨਵਜੋਤ ਕੌਰ ਕਲਾਸ ਇੰਚਾਰਜ, ਮੈਡਮ ਸ਼ਿਵਾਨੀ ਭਰਦਵਾਹਜ, ਮੈਡਮ ਸਰਬਜੀਤ ਕੌਰ, ਮੈਡਮ ਮਨਪ੍ਰੀਤ ਕੌਰ, ਸ੍ਰੀ ਗੁਰਮੀਤ ਸਿੰਘ, ਮੈਡ?ਮ ਕਿਰਨ ਬੇਦੀ ਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ ।

# ਪਰਿਵਾਰ ਦਾ ਥੰਮਹ ਤੇ ਰੀੜ੍ਹ ਦੀ ਹੱਡੀ ਹੁੰਦੀ ਹੈ ਪਿਤਾ : ਸਮਾਜ ਸੇਵਕ ਮੱਟੂ

## ਪਿਤਾ ਦੀ ਪ੍ਰੇਰਣਾ ਸਦਕਾ ਕੌਮੀ ਤੇ ਰਾਜ ਪੱਧਰ ’ਤੇ ਬਣਾਈ ਪਹਿਚਾਣ

**ਅੰਮ੍ਰਿਤਸਰ**

ਕਈ ਕੌਮੀ, ਰਾਜ ਅਤੇ ਜ਼ਿਲ੍ਹਾ ਪੱਧਰ ਦੇ ਸਨਮਾਨ ਪ੍ਰਾਪਤ ਕਰਨ ਵਾਲੀ ਗੁਰੂ ਨਗਰੀ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਮਾਣ ਧੀਆਂ ’ਤੇ ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਪ੍ਰਸਿੱਧ ਸਮਾਜ ਅਤੇ ਇੰਡੀਆ ਬੁੱਕ ਰਿਕਾਰਡ ਹੋਲਡਰ) ਨੇ ਪਿਤਾ ਦਿਵਸ ਮੌਕੇ ਜਾਣਕਾਰੀ ਦਿੰਦਿਆਂ ਕਿਹਾ ਦੁਨੀਆਂ ’ਚ ਜਨਮ ਲੈਣ ਤੋ ਬਾਅਦ ਜੋ ਬੱਚਾ ਆਪਣੀਆਂ ਅੱਖਾਂ ਮਾਂ ਦੀ ਗੋਦ ’ਚ ਖੋਲਦਾ ਹੈ ਤਾਂ ਆਪਣੇ ਪੈਰਾਂ ਦਾ ਪਹਿਲਾ ਕਦਮ ਪਿਤਾ ਦੀਆਂ ਉਗਲਾਂ ਨੂੰ ਫੜ ਕੇ ਸਿੱਖਦਾ ਹੈ। ਜ਼ਿਆਦਾਤਰ ਬੱਚਿਆਂ ਦੇ ਬਚਪਨ ’ਚ ਉਨਾਂ ਦੇ ਮਾਤਾ ਪਿਤਾ ਹੀ ਆਦਰਸ਼ ਹੁੰਦੇ ਹਨ। ਮਾਤਾ ਜੋ ਬੱਚਿਆਂ ਨੂੰ ਸੰਸਕਾਰਾਂ ਦਾ ਪਾਠ ਪੜਾਉਦੀ ਹੈ ਤਾਂ ਪਿਤਾ ਬੱਚਿਆਂ ਨੂੰ ਆਤਮ ਨਿਰਭਰ ਅਤੇ ਕਾਮਯਾਬੀ ਦੇ ਰਸਤੇ ਦਿਖਾਉਂਦਾ ਹੈ। ਕਈ ਵਾਰ ਪਿਤਾ ਦਾ ਵਰਤਾਅ ਬਹੁਤ ਸਖਤ ਹੁੰਦਾ ਹੈ।

ਪਿਤਾ ਸ਼ਬਦ ਜਿਸ ਨੂੰ ਸੁਣਦੇ ਹੀ ਸਰੀਰ ਵਿਚ ਇਕ ਉਰਜਾ ਭਰ ਜਾਂਦੀ ਹੈ,ਮਨ ਵਿਚ ਖ਼ੁਸ਼ੀ ਦੀਆਂ ਤਰੰਗਾਂ ਦੌੜ ਜਾਂਦੀਆਂ ਹਨ । ਪਿਤਾ ਇਕ ਸੁਰੱਖਿਆ ਤੇ ਆਤਮ ਵਿਸ਼ਵਾਸ ਦਾ ਅਹਿਸਾਸ ਹੁੰਦਾ ਹੈ । ਪਰਿਵਾਰ ਦਾ ਥੰਮ?ਹ ਤੇ ਇਕ ਪਰਿਵਾਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ । ਭਾਵੇਂ ਪਿਤਾ ਮਾਂ ਵਾਂਗ ਬੱਚਿਆਂ ਦੇ ਉਹ ਸਾਰੇ ਕੰਮ ਨਹੀਂ ਕਰ ਸਕਦੇ , ਜੋ ਮਾਂ ਕਰਦੀ ਹੈ , ਪਰ ਫਿਰ ਵੀ ਪਿਤਾ ਨਾਲ ਔਲਾਦ ਦੀ ਇਕ ਵੱਖਰੀ ਹੀ ਸਾਂਝ ਹੁੰਦੀ ਹੈ, ਸਮਾਜ ਸੇਵਕ ਗੁਰਿੰਦਰ ਸਿੰਘ ਮੱਟੂ ਨੇ ਕਿ ਅੱਜ ਮੈ ਜੋ ਵੀ ਕੌਮੀ ਤੇ ਰਾਜ ਪੱਧਰ ਤੇ ਪਹਿਚਾਣ ਬਣਾਈ ਹੈ ਉਹ ਆਪਣੇ ਪਿਤਾ ਦੀ ਪ੍ਰੇਰਣਾ ਸਦਕਾ ਅਤੇ ਆਪਣੀ ਮਾਂ ਦੀ ਯੋਗ ਅਗਵਾਈ ਹੇਠ ਬਣਾਈ ਹੈ। ਉਨ੍ਹਾਂ ਆਪਣੇ ਪ੍ਰੀਵਾਰ ਸਮੇਤ ਪਿਤਾ ਸ:



ਦਰਸਨ ਸਿੰਘ ਮੱਟੂ ਨਾਲ ਖੁਸੀ ਦੇ ਪਲ ਬਤੀਤ ਕਰਦਿਆਂ ਕਿਹਾ ਕਿ ਅੱਜ ਪਿਤਾ ਪ੍ਰਤੀ ਆਦਰ ਦਿਖਾਉਣ ਲਈ ਦੁਨੀਆਂ ਭਰ ’ਚ ਫਾਦਰ ਡੇ ਮਨਾਇਆ ਜਾ ਰਿਹਾ ਹੈ 9 ਪਿਤਾ ਦਿਵਸ ਅਮਰੀਕਾ ਵਿਚ 1910 ਵਿਚ ਮਨਾਉਣਾ ਸ਼ੁਰੂ ਹੋਇਆ ਅਤੇ

ਭਾਰਤ ’ਚ ਇਹ ਦਿਨ ਅਮਰੀਕਾ ਵਾਂਗ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਦਾ ਹੈ 9 ਅੱਗੇ ਸਮਾਜ ਸੇਵਕ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਕਿ ਇਹ ਪਿਰਤ ਚਾਹੇ ਸਾਡੇ ਲਈ ਨਵੀ ਹੈ ਪਰ ਸਾਡੇ ਭਾਰਤ ਦੇਸ਼ ਵਿੱਚ ਹਮੇਸ਼ਾ ਤੋ ਹੀ ਆਪਣੇ ਪੂਰਵਜਾ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਮਾਪਿਆਂ ਨੂੰ ਰੱਬ ਦਾ ਦਰਜਾ ਦਿੱਤਾ ਜਾਦਾ ਹੈ ਮਾਂ ਦੀ ਕੁਰਬਾਨੀ ਦੇ ਸੋਹਲੇ ਤਾਂ ਸਾਰੇ ਹੀ ਗਾਂਉਦੇ ਹਨ ਪਰ ਪਿਤਾ ਦੇ ਯੋਗਦਾਨ ਨੂੰ ਅਕਸਰ ਅਵਗੋਲਿਆਂ ਕੀਤਾ ਜਾਦਾ ਹੈ ਇਨਾਂ ਦਿਵਸਾਂ ਦਾ ਮਹੱਤਵ ਹੀ ਇਹ ਹੈ ਕਿ ਆਪਣੇ ਮਾਪਿਆਂ ਵੱਲੋ ਮੂੰਹ ਫੇਰੀ ਬੈਠੀ ਔਲਾਦ ਨੂੰ ਉਸਦੇ ਕਰਤੱਵਾਂ ਦਾ ਗਿਆਨ ਕਰਾਇਆ ਜਾਵੇ ਤਾਂ ਜੋ ਆਪਣੇ ਪਿਤਾ- ਮਾਤਾ ਦਾ ਸਤਿਕਾਰ ਕੀਤਾ ਜਾ ਸਕੇ, ਇਸ ਦਿਨ ਨੂੰ ਮਨਾਉਣ ਦਾ ਮਕਸਦ ਸਮਾਜ ਨੂੰ ਪਿਤਾ ਦੇ ਦਰਜੇ ਤੋਂ ਜਾਣੂ ਕਰਵਾਉਣਾ ਅਤੇ ਪਿਤਾ ਸਮਾਜ ਅਤੇ ਪਰਿਵਾਰ ਵਿਚ ਜੋ ਰੋਲ ਅਦਾ ਕਰਦਾ ਹੈ , ਉਸ ਦਾ ਸਨਮਾਨ ਕਰਨਾ ਸੀ । ਇਕ ਬਹੁਤ ਵੱਡਾ ਸੱਚ ਹੈ ਕਿ ਆਦਮੀ ਦੀ ਜ਼ਿੰਦਗੀ ਅਤੇ ਉਸ ਦੀ ਸੋਚ ਵਿਚ ਅਹਿਮ ਬਦਲਾਅ ਉਸ ਦਿਨ ਆਉਂਦਾ ਹੈ , ਜਿਸ ਦਿਨ ਉਹ ਖੁਦ ਪਿਤਾ ਬਣਦਾ ਹੈ।ਇਕ ਮਾਂ ਦਾ ਦਿਲ ਬਚਪਨ ਤੋਂ ਕਈ ਵਾਰ ਔਲਾਦ ਵੱਲੋਂ ਕੀਤੀਆਂ ਗ਼ਲਤੀਆਂ ਨੂੰ ਲੈ ਕੇ ਪਿਘਲ ਜਾਂਦਾ ਹੈ , ਕਈ ਵਾਰ ਬੇਟੇ ਦੀ ਗ਼ਲਤੀ ਪਿਤਾ ਤੋਂ ਛੁਪਾਈ ਜਾਂਦੀ ਹੈ ਪਰ ਪਿਤਾ ਹਮੇਸ਼ਾ ਬੱਚੇ ਨੂੰ ਅਨੁਸ਼ਾਸਨ ਵਿਚ ਰੱਖਣ ਦੀ ਕੋਸ਼ਿਸ਼ ਕਰਦੇ ਹਨ । ਅਸੀਂ ਸਾਰੇ ਇਹ ਹਮੇਸ਼ਾ ਯਾਦ ਰੱਖੀਏ ਕਿ ਮਾਤਾ-ਪਿਤਾ ਦਾ ਕਰਜ਼ਾ ਕਦੇ ਵੀ ਉਤਾਰਿਆ ਨਹੀਂ ਜਾ ਸਕਦਾ । ਮਾਂ ਵਾਂਗ , ਪਿਤਾ ਵੀ ਸਾਡੀ ਜ਼ਿੰਦਗੀ ਦਾ ਅਹਿਮ ਤੇ ਬੇਹੱਦ ਜ਼ਰੂਰੀ ਹਿੱਸਾ ਹਨ , ਤੇ ਉਨ੍ਹਾਂ ਨੇ ਹਮੇਸ਼ਾ ਹੀ ਸਾਡੇ ਲਈ ਬਹੁਤ ਹੀ ਕੁਰਬਾਨੀਆਂ ਕੀਤੀਆਂ ਹਨ , ਜਿਨ੍ਹਾਂ ਬਾਰੇ ਸਾਨੂੰ ਗਿਆਨ ਵੀ ਨਹੀਂ ਹੁੰਦਾ । ਸੋ ਅੱਜ ਲੋੜ ਹੈ ਕਿ ਅਸੀਂ ਸਾਰੇ ਆਗਿਆਕਾਰ ਔਲਾਦ ਬਣੀਏ ਤੇ ਬਿਰਧ ਆਸ਼ਰਮਾਂ ਦਾ ਰਸਤਾ ਕਦੇ ਵੀ ਨਾ ਫੜੀਏ ਤੇ ਉਸ ਪਿਤਾ ਦੀ ਜ਼ਿੰਦਗੀ ਭਰ ਦੀ ਕਮਾਈ ’ਤੇ ਉਸ ਦੇ ਔਲਾਦ ਦੇ ਮੋਹ ਨੂੰ ਵਿਅਰਥ ਨਾ ਜਾਣ ਦੇਈਏ । ਆਪਣੀ ਜ਼ਿੰਦਗੀ ਦੇ ਇਸ ਅਨਮੋਲ ਹੀਰੇ ਨੂੰ ਪਿਆਰ ਕਰੀਏ , ਉਸ ਦੀ ਕਦਰ ਕਰੀਏ ਤੇ ਉਸ ਨਾਲ ਬਚਪਨ ਦੇ ਬਿਤਾਏ ਪਲ ਤੇ ਆਉਣ ਵਾਲੀ ਜ਼ਿੰਦਗੀ ਦੇ ਪਲਾਂ ਨੂੰ ਇਕ ਜਸ਼ਨ ਵਾਂਗ ਮਨਾਈਏ 9

# ਟੀਨੀ ਗਲਿੰਪਸ ਸੈਲੂਨ ਇੰਸਟੀਚਿਊਟ ਨੌਜਵਾਨ ਲੜਕੀਆਂ ਟਰੇਨਡ ਕਰਕੇ ਰੁਜ਼ਗਾਰ ਦੇ ਉਪਲਬਧ ਕਰਵਾਏਗੀ ਸੁਨਹਿਰੀ ਮੌਕੇ, ਜਤਿੰਦਰ ਕੌਰ

**ਅੰਮ੍ਰਿਤਸਰ /ਅੰਮ੍ਰਿਤਾ ਭਗਤ**

ਟੀਨੀ ਗਲਿੰਪਸ ਸੈਲੂਨ ਐਂਡ ਇੰਸਟੀਚਿਊਟ ਵੱਲੋਂ ਨੌਜਵਾਨ ਲੜਕੀਆਂ ਨੂੰ ਟ?ਰੇਨਡ ਕਰਕੇ ਉਹਨਾਂ ਦਾ ਭਵਿੱਖ ਉਜਵਲ ਬਣਾਉਣ ਲਈ ਰੁਜ਼ਗਾਰ ਦੇ ਸੁਨਹਿਰੀ ਮੌਕੇ ਪੈਦਾ ਕਰੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇਨਾਮ ਵੰਡ ਸਮਾਗਮ ਦੌਰਾਨ ਇੰਸਟੀਚਿਊਟ ਦੀ ਐਮਡੀ ਜਤਿੰਦਰ ਕੌਰ ਵੱਲੋਂ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਐਮਡੀ ਜਤਿੰਦਰ ਕੌਰ ਨੇ ਕਿਹਾ ਕਿ ਕੋਸਮਟੋਲੋਜੀ ਅਤੇ ਮੇਕਅਪ ਦਾ ਹੁਨਰ ਪ੍ਰਾਪਤ ਕਰਨ ਤੋਂ ਬਾਅਦ ਸਿਖਿਆਰਥੀਆਂ ਨੂੰ ਇੱਕ ਸ਼ਾਨਦਾਰ ਇਨਾਮ ਵੰਡ ਸਮਾਗਮ ਦੌਰਾਨ ਸਰਟੀਫਿਕੇਟ ਤਕਸੀਮ ਕਰਨ ਤੋਂ ਬਾਅਦ ਦੱਸਿਆ ਗਿਆ ਕਿ ਇੰਸਟੀਟਿਊਟ ਵਿੱਚ ਮੇਕਅਪ ਦੇ ਯੁਗ ਵਿੱਚ ਹੋ ਰਹੀ ਤਕਨੀਕੀ




ਤਬਦੀਲੀ ਦੌਰਾਨ ਵਿਦਿਆਰਥੀਆਂ ਨੂੰ ਬਹੁਤ ਹੀ ਤਜਰਬੇਕਾਰ ਅਧਿਆਪਕਾਂ ਵੱਲੋਂ ਟ?ਰੇਨਿੰਗ ਦਿੱਤੀ ਜਾਂਦੀ ਹੈ ਤੇ ਨਾਲ ਹੀ ਟ?ਰੇਨਿੰਗ ਤੋਂ ਬਾਅਦ ਇੰਸਟੀਚਿਊਟ ਵੱਲੋਂ ਸੁਖਿਆਰਥੀਆਂ ਨੂੰ ਦਿੱਤੇ ਗਏ ਸਰਟੀਫਿਕੇਟ 18 ਤੋਂ ਵੱਧ ਕੰਟਰੀਆਂ ਵਿੱਚ ਵੈਲਿਡ ਹਨ ਜੋ ਕਿ ਵਿਦਿਆਰਥੀਆਂ ਕੋਰਸ ਪੂਰਾ ਕਰਨ ਤੋਂ ਬਾਅਦ ਬਾਹਰ ਕਿਸੇ ਵੀ ਦੇਸ਼ ਵਿੱਚ ਜਾ ਕੇ ਵੀ ਕੰਮ ਕਰ ਸਕਦੇ ਹਨ ਤੇ ਆਪਣਾ ਉਜਵਲ ਭਵਿੱਖ ਬਣਾ ਸਕਦੇ ਹਨ।

# ਮੋਹਕਮਪੁਰਾ ਪੁਲਿਸ ਨੇ ਨਾਕਾਬੰਦੀ ਦੌਰਾਨ ਚੌਰੀ ਦੇ ਮੋਟਰਸਾਈਕਲ ਸਮੇਤ ਕੀਤੇ ਦੋ ਮੁਲਜਮ ਕਾਬੂ




**ਅੰਮ੍ਰਿਤਸਰ /ਅੰਮ੍ਰਿਤਾ ਭਗਤ**

ਥਾਣਾ ਮੋਹਕਮਪੁਰਾ ਪੁਲਿਸ ਨੇ ਨਾਕਾਬੰਦੀ ਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ ਤੇ ਚੌਰੀ ਦੇ ਦੋ ਮੋਟਰਸਾਈਕਲ ਸਮੇਤ 02 ਵਿਅਕਤੀਆ ਨੂੰ ਕਾਬੂ ਕੀਤਾ । ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿੰਨੇ ਥਾਣਾ ਮੋਹਕਮਪੁਰਾ ਦੇ ਇੰਚਾਰਜ ਮੋਹਤ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੁਲਿਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਚੈਕਿੰਗ ਦੌਰਾਨ ਮਿਲੀ ਪੁਖਤਾਂ ਸੂਚਨਾਂ ਦੇ ਅਧਾਰ ਤੇ ਵੇਰਕੇ ਵਾਲੀ ਸਾਈਡ ਤੋਂ ਸੰਨਸਿਟੀ ਵੱਲ ਨੂੰ ਆ ਰਹੇ ਮੋਟਰਸਾਈਕਲ ਪਲਟਿਨਾਂ ਬਿਨਾਂ ਨੰਬਰੀ ਸਮੇਤ ਦੋ ਵਿਅਕਤੀਆਂ ਕਾਬੂ ਕੀਤਾ ਗਿਆ।ਫੜੇ ਗਏ ਮੁਲਜ਼ਮਾਂ ਦੀ ਪਹਿਚਾਣ ਅਰਸ਼ਦੀਪ ਸਿੰਘ ਉਰਫ ਮਝੈਲ ਵਾਸੀ ਪਿੰਡ ਜੇਠੂਵਾਲ, ਸਾਹਿਲਦੀਪ ਸਿੰਘ ਵਾਸੀ ਪਿੰਡ ਜੇਠੂਵਾਲ ਵਜੋ ਹੋਈ । ਗ੍ਰਿਫ਼ਤਾਰ ਦੋਨਾਂ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ। ਤਾਂ ਜੋ ਇਹਨਾਂ ਮੁਲਜ਼ਮਾਂ ਕੋਲੋਂ ਹੋਰ ਵੀ ਖੁਲਾਸੇ ਜਾਹਰ ਕਰਵਾਏ ਜਾਣਗੇ।

# ਅਧਿਕਾਰ ਸ਼ੰਘਰਸ਼ ਪਾਰਟੀ ਆਪਣਾ 100ਵਾਂ ਦਿਨ ਫਤਿਹਗੜ੍ਹ ਸਾਹਿਬ ਵਿੱਚ ਮਨਾਏਗੀ - ਇੰਜ ਸ਼ੇਰਗਿੱਲ

**ਸ੍ਰੀ ਅੰਮ੍ਰਿਤਸਰ ਸਾਹਿਬ/ਬਿਊਰੋ**

ਅਧਿਕਾਰ ਸ਼ੰਘਰਸ਼ ਪਾਰਟੀ ਦੀ ਮੀਟਿੰਗ, ਪਾਰਟੀ ਦੇ ਕੇਂਦਰੀ ਦਫਤਰ ਅੰਮ੍ਰਿਤਸਰ ਵਿੱਚ ਹੋਈ। ਜਿਸ ਵਿੱਚ ਪਾਰਟੀ ਦੇ ਯੂਥ ਪ੍ਰਧਾਨ ਸਮਸ਼ੇਰ ਸਿੰਘ ਸ਼ੇਰਾ,ਪਾਰਟੀ ਸਕੱਤਰ ਜਗਜੀਤ ਸਿੰਘ ਬਿਲਾ,ਜਿਲਾ ਪ੍ਰਧਾਨ ਸੁਖਦੇਵ ਸਿੰਘ ਰਾਜਾਸਾਸੀ,ਜਿਲਾ ਜਰਨਲ ਸਕੱਤਰ ਸੁਲੱਖਣ ਸਿੰਘ ਨਾਗ, ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਗਿਰਦਾਰੀ ਲਾਲ,ਪਾਰਟੀ ਦੇ ਫਾਊਂਡਰ ਮੈਂਬਰ ਇੰਜ ਦੇਵ ਪ੍ਰਕਾਸ਼ ਸਹੋਤਾ, ਮੀਡੀਆ ਇੰਚਾਰਜ ਹਰਪ੍ਰੀਤ ਸਿੰਘ ਗਿੱਲ, ਰਣਬੀਰ ਸਿੰਘ ਗਿੱਲ, ਯੂਥ ਆਗੂ ਸੁਰਿੰਦਰ ਸਿੰਘ ਟੋਨੀ,ਇੰਸ ਗੁਰਮੇਜ ਸਿੰਘ ਅਤੇ ਹੋਰ ਮੈਂਬਰ



ਸ਼ਾਮਲ ਹੋਏ।ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਇੰਜ ਸ਼ੇਰਗਿੱਲ ਨੇ ਕਿ ਪਾਰਟੀ ਦੀ ਨਵੀਂ ਸੋਚ ਨਾਲ ਸਹਿਮਤ ਹੁੰਦੇ ਲੋਕ ਬਹੁਤ ਤੇਜੀ ਨਾਲ ਏ ਐਸ ਪੀ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾ ਕਿਹਾ ਕਿ ਪਾਰਟੀ ਨੇ ਮਾਝੇ ਵਿੱਚ 5,ਮਾਲਵੇ ਵਿੱਚ13 ਅਤੇ ਦੁਆਬੇ ਵਿੱਚ 3 ਵਿਧਾਨ ਸਭਾ ਸੀਟਾਂ ਤੇ ਪੂਰੇ ਜੋਰ ਸ਼ੋਰ ਨਾਲ 2027 ਦੀ ਚੋਣ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਅਧਿਕਾਰ ਸ਼ੰਘਰਸ਼ ਪਾਰਟੀ ਨੂੰ ਹੋਂਦ ਵਿੱਚ ਆਇਆਂ 21 ਜੂਨ ਨੂੰ 100 ਦਿਨ ਹੋ ਜਾਣਗੇ। ਅਸੀ ਪਾਰਟੀ ਦਾ 100 ਵਾਂ ਦਿਨ ਜਿਲਾ ਫਤਿਹਗੜ੍ਹ ਸਾਹਿਬ ਵਿੱਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਸਥਾਨ, ਉਹਨਾ ਨੂੰ ਨਤਮਸਤਕ ਹੋਣ ਤੋਂ ਬਾਅਦ ਵੱਡੀ ਪ੍ਰੈਸ ਕਾਨਫਰੰਸ ਕਰਕੇ ਮਨਾਵਾਂਗੇ।

ਉਸ ਦਿਨ ਵੱਡੇ ਪੱਧਰ ਤੇ ਲੋਕ ਪਾਰਟੀ ਵਿਚ ਸ਼ਾਮਲ ਹੋਣਗੇ। ਜਿਲਾ ਪ੍ਰਧਾਨ ਸੁਖਦੇਵ ਸਿੰਘ ਨੇ ਕਿਹਾ ਕਿ ਅੰਮ੍ਰਿਤਸਰ ਤੋਂ ਵੱਡੇ ਕਾਫਲੇ ਨਾਲ 21 ਜੂਨ ਨੂੰ ਫਤਿਹਗੜ੍ਹ ਸਾਹਿਬ ਪਹੁੰਚਾਂਗੇ। ਯੂਥ ਪ੍ਰਧਾਨ ਸਮਸ਼ੇਰ ਸਿੰਘ ਅਤੇ ਜਿਲਾ ਜਰਨਲ ਸਕੱਤਰ ਸੁਲੱਖਣ ਸਿੰਘ ਨੇ ਕਿਹਾ ਕਿ ਪੰਜਾਬ,ਹਰਿਆਣਾ,ਹਿਮਾਚਲ ਅਤੇ ਚੰਡੀਗੜ੍ਹ ਤੋਂ ਪਾਰਟੀ ਅਹੁਦੇਦਾਰ ਉਸ ਦਿਨ ਪ੍ਰੋਗਰਾਮ ਵਿੱਚ ਸਾਮਲ ਹੋਣਗੇ।

# ਲੁਧਿਆਣਾ ‘ਚ ਗਲਾ ਘੁੱਟ ਕੇ ਪਤਨੀ ਦਾ ਕਤਲ, CCTV ‘ਚ ਬੈਗ ਲੈ ਕੇ ਭੱਜਦਾ ਦਿਖਾਈ ਦੇ ਰਿਹਾ ਮੁਲਜ਼ਮ ਪਤੀ

**ਲੁਧਿਆਣਾ ਗੁਰਪ੍ਰੀਤ** - ਲੁਧਿਆਣਾ ਦੇ ਮੁਹੱਲਾ ਫਤਿਹਗੰਜ ਵਿੱਚ ਮੰਗਲਵਾਰ ਸ਼ਾਮ ਨੂੰ ਇੱਕ 21 ਸਾਲਾ ਔਰਤ ਦਾ ਕਤਲ ਕਰ ਦਿੱਤਾ ਗਿਆ। ਇਹ ਘਟਨਾ ਉਸ ਦੇ ਪ੍ਰੇਮ ਵਿਆਹ ਤੋਂ ਸਿਰਫ਼ ਚਾਰ ਮਹੀਨੇ ਬਾਅਦ ਵਾਪਰੀ। ਪੁਲਿਸ ਦਾ ਮੰਨਣਾ ਹੈ ਕਿ ਮੁਲਜ਼ਮ ਪਤੀ ਸੁਨੀਲ ਨੇ ਉਸ ਦੇ ਪਿਛਲੇ ਵਿਆਹ ਬਾਰੇ ਪਤਾ ਲੱਗਣ ਤੋਂ ਬਾਅਦ ਉਸ ਨੂੰ ਮਾਰ ਦਿੱਤਾ। ਜਿਸ ਗੱਲ ਨੂੰ ਔਰਤ ਨੇ ਲੁਕਾ ਕੇ ਰੱਖਿਆ ਸੀ। ਦੱਸ ਦਈਏ ਕਿ ਮ੍ਰਿਤਕ ਔਰਤ ਦਾ ਪਹਿਲਾ ਵਿਆਹ ਲਗਭਗ 1 ਸਾਲ ਪਹਿਲਾਂ ਹੋਇਆ ਸੀ। ਇਸ ਸਮੇਂ ਕਾਤਲ ਪਤੀ ਫਰਾਰ ਹੈ। ਮੁਲਜ਼ਮ 9 ਜੂਨ ਨੂੰ ਸਵੇਰੇ 4.36 ਵਜੇ ਮੋਢੇ ‘ਤੇ ਬੈਗ ਲਟਕਾਉਂਦੇ ਹੋਏ ਗਲੀ ਵਿੱਚੋਂ ਲੰਘਦੇ ਸੀਸੀਟੀਵੀ ਕੈਮਰੇ ਵਿੱਚ ਵੀ ਕੈਦ ਹੋ ਗਿਆ ਹੈ। ਮ੍ਰਿਤਕ ਔਰਤ ਦਾ ਮੋਬਾਈਲ ਫੋਨ ਵੀ ਗਾਇਬ ਹੈ। ਪੁਲਿਸ ਨੇ ਵੀਡੀਓ ਕਲਿੱਪ ਜ਼ਬਤ ਕਰ ਲਈ ਹੈ ਅਤੇ ਕਾਤਲ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

**4 ਦਿਨ ਪਹਿਲਾਂ ਫਤਿਹਗੰਜ ਵਿੱਚ ਹੋਏ ਸੀ ਸ਼ਿਫਟ**

ਰਾਧਿਕਾ ਥੋੜ੍ਹੇ ਦਿਨ ਪਹਿਲਾਂ ਆਪਣੇ ਪਤੀ ਸੁਨੀਲ ਨਾਲ ਇਸ ਘਰ ਵਿੱਚ ਰਹਿਣ ਆਈ ਸੀ। ਉਹ ਕਤਲ ਤੋਂ ਸਿਰਫ਼ ਚਾਰ ਦਿਨ ਪਹਿਲਾਂ ਹੀ ਟਿੱਬਾ ਰੋਡ ਤੋਂ ਫਤਿਹਗੰਜ ਸ਼ਿਫਟ ਹੋਈ ਸੀ। ਪੁਲਿਸ ਨੂੰ ਸ਼ੱਕ ਹੈ ਕਿ ਐਤਵਾਰ ਨੂੰ ਉਸ ਦਾ ਗਲਾ ਘੁੱਟ ਕੇ ਕਤਲ ਕੀਤਾ ਗਿਆ ਹੋ ਸਕਦਾ ਹੈ ਅਤੇ ਉਸ ਦੀ ਲਾਸ਼ ਕੱਪੜਿਆਂ ਦੇ ਢੇਰ ਹੇਠੋਂ ਸੜੀ ਹੋਈ ਮਿਲੀ ਹੈ।

**ਘਰ ਵਿੱਚੋਂ ਬਦਬੂ ਆਉਣ ਤੋਂ ਬਾਅਦ ਹੋਇਆ ਖੁਲਾਸਾ**

ਇਹ ਘਟਨਾ ਉਸ ਵੇਲੇ ਸਾਹਮਣੇ ਆਈ ਜਦੋਂ ਸਥਾਨਕ ਨਿਵਾਸੀਆਂ ਨੇ ਬੰਦ ਘਰ ਵਿੱਚੋਂ ਬਦਬੂ ਆਈ। ਉਨ੍ਹਾਂ ਨੇ ਮਕਾਨ ਮਾਲਕਣ ਗੁਰਵਿੰਦਰ ਕੌਰ ਅਤੇ ਨੇੜੇ ਹੀ ਰਹਿਣ ਵਾਲੇ ਰਾਧਿਕਾ ਦੇ ਭਰਾ ਕ੍ਰਿਸ਼ਨ ਨੂੰ ਸੂਚਿਤ ਕੀਤਾ। ਜਦੋਂ ਉਨ੍ਹਾਂ ਨੇ ਦਰਵਾਜ਼ਾ ਤੋੜਿਆ ਤਾਂ ਉਨ੍ਹਾਂ ਨੂੰ ਅੰਦਰ ਰਾਧਿਕਾ ਦੀ ਲਾਸ਼ ਮਿਲੀ ਅਤੇ ਜਿਸ ਤੋਂ ਤੁਰੰਤ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ।

# ਸੀਨੀਅਰ ਸਿਟੀਜ਼ਨ ਬੰਗਾ ਨੇ ਸਾਈਕਲ ਰੈਲੀ ਕੱਢੀ

**ਬੰਗਾ/ਜਗਦੀਸ਼ ਲਾਲ ਕਲਸੀ**

ਸੀਨੀਅਰ ਸਿਟੀਜ਼ਨ ਬੰਗਾ ਨੇ ਸਥਾਨਕ ਚਰਨ ਕੰਵਲ ਕਾਨਵੈਂਟ ਪਬਲਿਕ ਸਕੂਲ ਤੋਂ ਖਟਕੜ ਕਲਾ ਤੱਕ ਸਾਈਕਲ ਰੈਲੀ ਕੱਢੀ। ਰੋਟਰੀ ਕਲੱਬ ਬੰਗਾ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ, ਕਾਂਗਰਸ ਨੇਤਾ ਜੇ.ਡੀ. ਠਾਕੁਰ ਅਤੇ ਸੇਵਾਮੁਕਤ ਮੁੱਖ ਪ੍ਰਬੰਧਕ ਜੀਵਨ ਦਾਸ ਕੌਸ਼ਲ ਨੇ ਇਸ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਡਾ. ਐਚ.ਐਸ. ਸਿੰਘ ਨੇ ਕਿਹਾ ਕਿ ਐਤਵਾਰ ਦੀ ਰੈਲੀ ਵਿਸ਼ਵ ਸਾਈਕਲ ਦਿਵਸ ਨੂੰ ਸਮਰਪਿਤ ਹੈ। ਸਾਈਕਲਿੰਗ ਅੱਜ ਦੇ ਸਮੇਂ ਵਿੱਚ ਖਾਣ-ਪੀਣ ਦੀਆਂ ਆਦਤਾਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਮਨੁੱਖ ਨੂੰ ਬਚਾਉਂਦੀ ਹੈ। ਉਨ੍ਹਾਂ ਕਿਹਾ ਕਿ ਬੁਢਾਪੇ ਵਿੱਚ



ਬੰਗਾ ਸਾਈਕਲ ਰੈਲੀ ਵਿੱਚ ਸਾਈਕਲ ਚਲਾਉਂਦੇ ਹੋਏ ਸੀਨੀਅਰ ਨਾਗਰਿਕ।

ਸਾਈਕਲਿੰਗ ਨੂੰ ਜੀਵਨ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਸਾਰੇ ਸਾਥੀਆਂ ਨੇ ਖਟਕੜ ਕਲਾ ਤੱਕ ਸਾਈਕਲ ਚਲਾਇਆ। ਗੁਰੂ ਨਾਨਕ ਕਾਲਜ ਫਾਰ ਵੂਮੈਨ ਦੇ ਸੇਵਾਮੁਕਤ ਸੁਪਰਡੈਂਟ ਸੁਖਵਿੰਦਰ ਸਿੰਘ ਧਾਮੀ, ਮਾਸਟਰ ਅਸ਼ੋਕ ਕੁਮਾਰ, ਅਸ਼ਵਨੀ ਸ਼ਰਮਾ, ਡਾ. ਬਲਬੀਰ ਰਾਜ ਸ਼ਰਮਾ, ਅਮਰਜੀਤ ਕੁਮਾਰ, ਸੁਰੇਸ਼ ਬੱਸੀ, ਰਾਣਾ, ਅਸ਼ੋਕ ਮਹਿੰਦਰੂ ਅਤੇ ਹੋਰ ਇਸ ਮੌਕੇ ਮੌਜੂਦ ਸਨ।

# ਪੰਜਾਬ ਸਰਕਾਰ ਨੇ 8463 ਬੈਂਕ ਨਾਲ ਤੋੜੇ ਸਾਰੇ ਸੰਬੰਧ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਇਕ ਵੱਡਾ ਕਦਮ ਚੁੱਕਦੇ ਹੋਏ ਐੱਚਡੀਐੱਫਸੀ ਬੈਂਕ ਨੂੰ ਡੀਇੰਪੈਨਲ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਇਹ ਕਦਮ ਉਸ ਸਮੇਂ ਚੁੱਕਿਆ, ਜਦੋਂ ਪਿਛਲੇ ਦਿਨੀਂ ਸਾਰੇ ਵਿਭਾਗਾਂ ਨੂੰ ਅਲਾਟ ਕੀਤੇ ਗਏ ਪੈਸੇ ਨੂੰ ਵਾਪਸ ਦੇਣ ਲਈ ਕਿਹਾ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਐੱਚਡੀਐੱਫਸੀ ਬੈਂਕ ਨੇ ਸਮੇਂ ’ਤੇ ਇਹ ਰਕਮ ਟਰਾਂਸਫਰ ਨਹੀਂ ਕੀਤੀ, ਜਿਸ ਕਾਰਨ ਸਰਕਾਰ ਨੇ ਵਿੱਤੀ ਲੈਣਦੇਣ ਪ੍ਰਭਾਵਿਤ ਹੋਏ। ਇਸ ਗੱਲ ਦਾ ਸਖ਼ਤ ਨੋਟਿਸ ਲੈਂਦੇ ਹੋਏ ਵਿੱਤ ਵਿਭਾਗ ਨੇ ਸਾਰੇ ਵਿਭਾਗਾਂ ਦੇ ਸਕੱਤਰਾਂ, ਡਾਇਰੈਕਟਰਾਂ, ਪੰਚਾਇਤਾਂ, ਡਿਵੈਲਪਮੈਂਟ ਅਥਾਰਟੀਆਂ ਤੇ ਬੋਰਡ ਕਾਰਪੋਰੇਸ਼ਨਾਂ ਨੂੰ ਪੱਤਰ ਲਿਖ ਕੇ ਕਿਹਾ ਕਿ ਐੱਚਡੀਐੱਫਸੀ ਬੈਂਕ ਸੂਬਾ ਸਰਕਾਰ ਦੇ ਨਾਲ ਉਸਦੇ ਸਮਾਂਬੱਧ ਵਿੱਤੀ ਲੈਣਦੇਣ ਨੂੰ ਪੂਰਾ ਕਰਨ ਲਈ ਭੇਜੇ ਜਾ ਰਹੇ ਹੁਕਮਾਂ ਦੀ ਪਾਲਣਾ ਕਰਨ ’ਚ ਸਹਿਯੋਗ ਨਹੀਂ ਕਰ ਰਿਹਾ। ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਐੱਚਡੀਐੱਫਸੀ ਬੈਂਕ ਨਾਲ ਕਿਸੇ ਵੀ ਤਰ੍ਹਾਂ ਦਾ ਸਰਕਾਰੀ ਬਿਜ਼ਨੈੱਸ ਬਣਾਈ ਰੱਖਣਾ ਔਖਾ ਹੈ। ਇਸ ਕਾਰਨ ਐੱਚਡੀਐੱਫਸੀ ਬੈਂਕ ਨੂੰ ਡੀਇੰਪੈਨਲਮੈਂਟ ਕੀਤਾ ਜਾਂਦਾ ਹੈ। ਉਨ੍ਹਾਂ ਨਾਲ ਕੋਈ ਸਰਕਾਰੀ ਲੈਣਦੇਣ ਨਾ ਕੀਤਾ ਜਾਵੇ। ਵਿੱਤ ਵਿਭਾਗ ਨੇ ਸਾਰੇ ਵਿਭਾਗਾਂ ਨੂੰ ਬੈਂਕਾਂ ਦੀ ਇਕ ਸੂਚੀ ਜਾਰੀ ਕੀਤੀ ਹੈ ਤੇ ਕਿਹਾ ਹੈ ਕਿ ਇਨ੍ਹਾਂ ’ਚੋਂ ਕਿਸੇ ਵੀ ਬੈਂਕ ਨਾਲ ਲੈਣ-ਦੇਣ ਕੀਤਾ ਜਾ ਸਕਦਾ ਹੈ। ਇਨ੍ਹਾਂ ’ਚ ਸੈਂਟਰਲ ਬੈਂਕ, ਪੰਜਾਬ ਗ੍ਰਾਮੀਣ ਬੈਂਕ, ਕੈਨਰਾ ਬੈਂਕ, ਪੰਜਾਬ ਨੈਸ਼ਨਲ ਬੈਂਕ, ਪੰਜਾਬ ਐਂਡ ਸਿੰਧ ਬੈਂਕ, ਸਟੇਟ ਬੈਂਕ ਆਫ ਇੰਡੀਆ, ਯੂਨੀਅਨ ਬੈਂਕ ਆਫ ਇੰਡੀਆ, ਬੈਂਕ ਆਫ ਇੰਡੀਆ, ਯੂਕੋ ਬੈਂਕ, ਇੰਡੂਸਿੰਡ ਬੈਂਕ, ਆਈਸੀਆਈਸੀਆਈ ਬੈਂਕ, ਬੈਂਕ ਆਫ ਬੜੌਦਾ, ਆਈਡੀਬੀਆਈ ਬੈਂਕ, ਕੈਪੀਟਲ ਸਮਾਲ ਫਾਈਨਾਂਸ ਬੈਂਕ, ਏਯੂ ਸਮਾਲ ਫਾਈਨਾਂਸ ਬੈਂਕ, ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ, ਕੋਟਕ ਮਹਿੰਦਰਾ ਬੈਂਕ, ਯੈੱਸ ਬੈਂਕ, ਫੈਡਰਲ ਬੈਂਕ ਤੇ ਬੈਂਕ ਆਫ ਮਹਾਰਾਸ਼ਟਰ ਨੂੰ ਸ਼ਾਮਲ ਕੀਤਾ ਗਿਆ ਹੈ।